ISSN 0972-2335

# ਅੰਮ੍ਰਿਤ ਕੀਰਤਨ

## ਅਗਸਤ 2019



Source : vi.sualize.us

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਖ਼ੁਦੀ ਦਵੈਤ ਹੰਕਾਰ ਨੇ ਮਾਰ ਸਟਿਆ



ਸਾਡੀ ਰਹਿਣੀ ਇੱਕੋ, ਸਾਡੀ ਬਹਿਣੀ ਇੱਕੋ,

ਇੱਕੋ ਵਕਤ ਹੈ ਜਾਗਣਾ ਸੌਣ ਇੱਕੋ।

ਇਕੋ ਤਰ੍ਹਾਂ ਦੇ ਹਨ ਸਬੰਧ ਸਾਡੇ,

ਫੇਰ ਦੇਖ ਲਉ ਪੀਣ ਤੇ ਖਾਣ ਇੱਕੋ।

ਆਂਦੇ ਬੰਦਿਆਂ ਨੂੰ ਦੇਖ ਖ਼ੁਸ਼ ਹੋਣਾ,

ਜਾਂਦੀ ਵਾਰ ਸਭਨਾ ਦਾ ਹੈ ਰੋਣ ਇੱਕੋ।

ਰੱਬ ਬੰਦਗੀ ਨੂੰ ਸਭ ਚਾਹਵੰਦੇ ਨੇ,

ਗ਼ੁਸਲ ਕਰਨ ਇਸ਼ਨਾਨ ਤੇ ਨ੍ਹਾਉਣ ਇੱਕੋ।

ਪਤਾ ਨਹੀਂ ਇਹ ਕਿਥੋਂ ਦਵੈਤ ਆ ਗਈ,

ਪਾੜ ਪਾੜ ਕੀਤੈ ਅੱਡੋ ਅੱਡ ਸਾਨੂੰ।

ਖ਼ੁਦੀ ਦਵੈਤ ਹੰਕਾਰ ਨੇ ਘੇਰ ਲਿਆ,

ਸ਼ੁਭ ਕਰਮ ਨੇ ਦੂਰ ਗਏ ਛੱਡ ਸਾਨੂੰ।

## खुदी द्वैत हंकार ने मार सुटिआ

साडी रहणी इको, साडी बहणी इको,
इको वक्त है जागणा सोण इको ।

इको तरहां दी हन सबंध साडे,
फेर देख लओ पीण ते खाण इको ।

आंदे बंदिया नू देख के खुश होना,
जांदी वार सभना दा है रोण इको ।

रब्ब बंदगी नू सब चाँहवदे ने,
ग़ुसल करन इशनान ते न्हाउन इको ।

पता नहीं एह किथ्थों द्वैत आ गई,
पाड़ पाड़ कीता अड्डो अड्ड सानू ।

ख़ुदी द्वैत हंकार ने घेर लिआ,
शुभ करम ने दूर गए छड्ड सानू ।

**ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਸੰਪਾਦਕੀ: ਕਰਉ ਬੇਨੰਤੀਆ: ਗੁਰੂ ਨਾਨਕ ਸਾਖੀ – ਡਾ. ਜਾਗੀਰ ਸਿੰਘ** | 2 |
| **ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ – ਭਾਈ ਸਮੁੰਦ ਸਿੰਘ – ਡਾ. ਜਾਗੀਰ ਸਿੰਘ** | 4 |
| **ਗੁਰਮਤਿ ਸੰਗੀਤ ਵਿਚ ਰਾਗ ਗੋਂਡ – ਡਾ. ਗੁਰਨਾਮ ਸਿੰਘ** | 9 |
| **ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ – ਡਾ. ਕੰਵਲਜੀਤ ਸਿੰਘ** | 11 |
| **ਸੁਰਲਿਪੀ – ਰਾਗ ਮੇਘ – ਸਰਦਾਰ ਗੁਰਬਖ਼ਸ਼ ਸਿੰਘ** | ਟਾ-3 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | ਟਾ-4 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਗੁਰੂ ਨਾਨਕ ਸਾਖੀ

ਓਸ਼ੋ ਰਜਨੀਸ਼ ਦੇ ਵਿਚਾਰਾਂ ਅਤੇ ਜੀਵਨ ਨੂੰ ਵਿਵਾਦਗ੍ਰਸਤ ਕਿਹਾ ਜਾ ਸਕਦਾ ਹੈ। ਪਰ ਆਪਣੇ ਗਿਆਨ ਅਤੇ ਵਿਖਿਆਨ ਸ਼ੈਲੀ ਦੇ ਮਿਕਨਾਤੀਸੀ ਪ੍ਰਭਾਵ ਕਾਰਨ ਉਹ ਪਿਛਲੀ ਸਦੀ ਦਾ ਮਹਾਨ ਵਿਦਵਾਨ ਸਥਾਪਤ ਹੋ ਚੁਕਾ ਹੈ। ਸੰਨ 1985 ਵਿੱਚ ਜਪੁ ਜੀ ਬਾਰੇ ਉਸ ਦੀ ਪੂਰੀ ਵਿਖਿਆਨ ਮਾਲਾ ਦੀਆਂ ਕੈਸਟਾਂ ਮੈਂ ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ ਮੈਰੀਲੈਂਡ ਅਮਰੀਕਾ ਵਿਖੇ ਸੁਣੀਆਂ ਸਨ।ਕਈ ਦਿਨ ਅਜੀਬ ਤਰ੍ਹਾਂ ਦੇ ਲੋਰ ਵਿੱਚ ਰਿਹਾ ਸਾਂ। ਇਸ ਵਿਖਿਆਨ ਲੜੀ ਦੇ ਪਹਿਲੇ ਭਾਸ਼ਣ ਵਿੱਚ ਉਹ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇੱਕ ਕਥਾ ਬੜੀ ਸੰਗੀਤਮਈ ਸ਼ੈਲੀ ਵਿੱਚ ਵਰਣਨ ਕਰਦਾ ਹੈ।-

ਇੱਕ ਹਨੇਰੀ ਰਾਤ। ਭਾਦਰੋਂ ਦੀ ਮੱਸਿਆ। ਬੱਦਲਾਂ ਦੀ ਗੜਗੜਾਹਟ।ਕਦੀ ਕਦੀ ਬਿਜਲੀ ਦਾ ਚਮਕਣਾਂ। ਬਾਰਿਸ਼ ਦੀਆਂ ਫੁਹਾਰਾਂ। ਪਿੰਡ ਪੂਰਾ ਸੁੱਤਾ ਹੋਇਆ। ਬੱਸ ਨਾਨਕ ਦੇ ਗਾਉਣ ਦੀ ਗੂੰਜ।

ਰਾਤੀਂ ਦੇਰ ਤੱਕ ਉਹ ਗਾਉਂਦੇ ਰਹੇ। ਨਾਨਕ ਦੀ ਮਾਂ ਡਰੀ। ਰਾਤ ਅੱਧੀ ਤੋਂ ਵੱਧ ਬੀਤ ਗਈ। ਕੋਈ ਤਿੰਨ ਵੱਜਣ ਨੂੰ ਆਏ।ਨਾਨਕ ਦੇ ਕਮਰੇ ਦਾ ਦੀਵਾ ਜਗ ਰਿਹਾ ਹੈ। ਕਦੀ ਕਦੀ ਗਾਉਣ ਦੀ ਆਵਾਜ਼ ਆਉਂਦੀ ਹੈ। ਨਾਨਕ ਦੇ ਦਰਵਾਜ਼ੇ ਤੇ ਨਾਨਕ ਦੀ ਮਾਂ ਨੇ ਦਸਤਕ ਦਿੱਤੀ ਅਤੇ ਕਿਹਾ, 'ਬੇਟਾ , ਹੁਣ ਸੌਂ ਵੀ ਜਾ, ਰਾਤ ਤਾਂ ਹੁਣ ਖਤਮ ਹੀ ਹੋਣ ਲੱਗੀ ਹੈ।'

ਨਾਨਕ ਚੁੱਪ ਹੋਏ। ਉਦੋਂ ਹੀ ਰਾਤ ਦੇ ਹਨੇਰੇ ਵਿੱਚ ਇੱਕ ਪਪੀਹੇ ਨੇ ਕਿਹਾ, 'ਪਿਹੂ-ਪਿਹੂ'।

ਨਾਨਕ ਨੇ ਕਿਹਾ,'ਸੁਣ ਮਾਂ, ਅਜੇ ਤਾਂ ਪਪੀਹਾ ਚੁੱਪ ਨਹੀਂ ਹੋਇਆ। ਆਪਣੇ ਪਿਆਰੇ ਨੂੰ ਪੁਕਾਰ ਰਿਹਾ ਹੈ, ਤਾਂ ਮੈਂ ਕਿਵੇਂ ਚੁੱਪ ਹੋ ਜਾਵਾਂ? ਇਸ ਪਪੀਹੇ ਨਾਲ ਮੇਰੀ ਜ਼ਿੱਦ ਹੈ। ਜਦੋਂ ਤਕ ਇਹ ਗਾਉਂਦਾ ਰਹੇਗਾ, ਪੁਕਾਰਦਾ ਰਹੇਗਾ, ਮੈਂ ਵੀ ਪੁਕਾਰਦਾ ਰਹਾਂਗਾ ਅਤੇ ਇਸ ਦਾ ਪਿਆਰਾ ਤਾਂ ਬਹੁਤ ਨੇੜੇ ਹੈ, ਮੇਰਾ ਪਿਆਰਾ ਬਹੁਤ ਦੂਰ ਹੈ। ਜਨਮਾਂ ਜਨਮਾਂ ਤੱਕ ਗਾਉਂਦਾ ਰਹਾਂ ਤਾਂ ਹੀ ਉਸ ਤੱਕ ਪਹੁੰਚ ਸਕਾਂਗਾ।ਰਾਤ ਅਤੇ ਦਿਨ ਦਾ ਹਿਸਾਬ ਨਹੀਂ ਰੱਖਿਆ ਜਾ ਸਕਦਾ।ਨਾਨਕ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ।

ਨਾਨਕ ਨੇ ਪ੍ਰਮਾਤਮਾ ਨੂੰ ਗਾ ਗਾ ਕੇ ਪਾਇਆ। ਗੀਤਾਂ ਨਾਲ ਭਰਪੂਰ ਹੈ ਨਾਨਕ ਦਾ ਮਾਰਗ। ਇਸ ਲਈ ਨਾਨਕ ਦੀ ਖੋਜ ਬੜੀ ਵੱਖਰੀ ਹੈ। ਨਾਨਕ ਨੇ ਜੋਗ ਨਹੀਂ ਕੀਤਾ। ਤਪ ਨਹੀਂ ਕੀਤਾ। ਧਿਆਨ ਨਹੀਂ ਕੀਤਾ। ਨਾਨਕ ਨੇ ਸਿਰਫ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਉਹਨਾਂ ਨੇ ਗਾਇਆ ਇੰਨੇ ਪੂਰੇ ਪ੍ਰਾਣਾਂ ਨਾਲ ਕਿ ਗਾਉਣਾ ਹੀ ਧਿਆਨ ਹੋ ਗਿਆ, ਗਾਉਣਾ ਹੀ ਜੋਗ ਬਣ ਗਿਆ, ਗਾਉਣਾ ਹੀ ਤਪ ਬਣ ਗਿਆ।----ਜਦੋਂ ਮੈਂ ਰਜਨੀਸ਼ ਵਲੋਂ ਬਿਆਨ ਕੀਤੀ ਇਹ ਕਥਾ ਸੁਣੀ ਸੀ ਤਾਂ ਸੋਚਿਆ ਸੀ ਕਿ ਰਜਨੀਸ਼ ਨੇ ਗੁਰੂ ਨਾਨਕ ਦੇਵ ਜੀ ਦੇ ਕੀਰਤਨ ਕਰਨ ਦੇ ਵਿਚਾਰ ਨੂੰ ਦ੍ਰਿੜ ਕਰਨ ਲਈ ਇਹ ਕਥਾ ਆਪ ਹੀ ਘੜ ਲਈ ਹੈ। ਪਰ 2007 ਵਿੱਚ ਜਦੋਂ ਮੈਂ ਆਪਣੀ ਪੁਸਤਕ 'ਗੁਰੂ ਨਾਨਕ ਦੇਵ ਜੀ ਅਤੇ ਸੰਗੀਤ' ਤਿਆਰ ਕਰ ਰਿਹਾ ਸਾਂ। ਜਨਮ ਸਾਖੀਆਂ ਪੜ੍ਹਨ ਦਾ ਸਬੱਬ ਬਣਿਆ । ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਦਰਜ ਇਹ ਸਾਖੀ ਪੜ੍ਹੀ ਤਾਂ ਇਸ ਦੀ ਸ਼ੈਲੀ ਪੜ੍ਹ ਕੇ ਰਜਨੀਸ਼ ਵੱਲ ਧਿਆਨ ਗਿਆ।ਕਮਾਲ ਹੈ ਰਜਨੀਸ਼ ਨੇ ਗੁਰੂ ਨਾਨਕ ਦੇਵ ਜੀ ਬਾਰੇ ਸਾਖੀਆਂ ਦਾ ਅਧਿਐਨ ਵੀ ਕੀਤਾ ਹੈ। ਪਰ ਇਹ ਕਮਾਲ ਦੀ ਗੱਲ ਹੈ ਕਿ ਇਹਨਾਂ ਸਾਖੀਆਂ ਦੀ ਸੰਗੀਤਮਈ ਸ਼ੈਲੀ ਰਜਨੀਸ਼ ਦੀ ਸ਼ੈਲੀ ਨਾਲੋਂ ਵੀ ਵਧੇਰੇ ਖਿੱਚ ਭਰਪੂਰ ਹੈ।ਆਓ ਸਾਖੀ ਜ਼ਰਾ ਉੱਚੀ ਬੋਲ ਕੇ ਪੜ੍ਹੋ--

ਜਦ ਗੁਰੂ ਬਾਬਾ ਨਾਨਕੁ ਜੀ ਚੌਬੀਸ ਬਰਸ ਕਾ ਹੂਆ ਤਬ ਏਕ ਦਿਨ ਗੁਰੂ ਬਾਬਾ ਨਾਨਕ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੈ ਘਰਿ ਜਬ ਰਹਤਾ, ਮਾਤਾ ਪਿਤਾ ਕੈ ਘਰਿ, ਤਬ ਚਉਮਾਸੇ ਕੇ ਦਿਨ ਥੇ ਅਰੁ ਘਟਾਂ ਸਾਵਨ ਕੀ ਉਮੰਡਿ

ਉਮੰਡਿ ਲਾਗੀ ਬਰਸਨੈ। ਤਬ ਗੁਰੂ ਬਾਬਾ ਨਾਨਕੁ ਰਾਤਿ ਕੇ ਸਮੇ ਅਪਨੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰਜਿ ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਕਾ ਮਨੁ ਉਮੰਡਿ ਉਮੰਡਿ ਲਾਗਾ ਪਰਮੇਸੁਰ ਜੀ ਕਾ ਜਸੁ ਗਾਵਣੈ। ਤਬ ਗੁਰੂ ਬਾਬੇ ਜੀ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, ਬੱਚਾ* ਰੰਚਕ ਇਕੁ ਸੋਵਹਿ ਤਾ ਭਲਾ ਹੋਵੈ। ਜਬ ਏਹੁ ਸਬਦੁ ਮੁਖ ਤੇ ਮਾਤਾ ਜੀ ਕਹਿਆ, ਤਬ ਬਬੀਹਾ ਬੋਲਿਆ। ਤਬ ਬਬੀਹੈ ਕਹਿਆ ਜਿ, ਪ੍ਰਿਉ ਪ੍ਰਿਉ। ਤਬ ਗੁਰੂ ਬਾਬੇ ਕਹਿਆ ਜਿ, ਮਾਤਾ ਜੀ * ਮੇਰਾ ਸਰੀਕੁ ਜਿ ਸਿ ਜਾਗਦਾ ਹੈ, ਮੈ ਕਿਉ ਕਰਿ ਸੋਵਾ? ਤਬ ਮਾਤਾ ਜੀ ਕਹਿਆ ਜਿ, ਬੱਚਾ* ਸੁ ਤੇਰਾ ਸਰੀਕੁ ਕਵਣ ਹੈ ਜਿਸ ਕਾ ਲੀਆ ਤੂ ਜਾਗਤਾ ਹੈ? ਤਬ ਮਲਾਰ ਰਾਗ ਮਹਿ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ–

*ਰੈਨਿ ਬਬੀਹਾ ਬੋਲਿਓ ਮੇਰੀ ਮਾਈ।*

ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਿਕ ਸੰਕੇਤਾਂ ਤੋਂ ਇਲਾਵਾ ਉਹਨਾਂ ਦੇ ਸ਼ਬਦਾਂ ਦੀ ਉਥਾਨਕਾ ਵਜੋਂ ਵੀ ਇਹ ਸਾਖੀਆਂ ਬੜੀਆਂ ਮਹੱਤਵਪੂਰਨ ਹਨ।ਜੇ ਸਾਡੇ ਆਮ ਗ੍ਰੰਥੀ ਵੀ ਇਹ ਸਾਖੀਆਂ ਉਸੇ ਸ਼ੈਲੀ ਵਿੱਚ ਸੁਣਾ ਕੇ ਸ਼ਬਦਾਂ ਦੇ ਸਰਲ ਅਰਥ ਕਰ ਦੇਣ ਤਾਂ ਇਹਨਾਂ ਸ਼ਬਦਾਂ ਦਾ ਭਾਵ ਸਰੋਤਿਆਂ ਦੇ ਮਨ ਵਿੱਚ ਵੱਸ ਜਾਂਦਾ ਹੈ। ਮੈਨੂੰ ਯਾਦ ਹੈ ਜਦੋਂ ਮੈਂ ਚੌਥੀ ਪੰਜਵੀਂ ਵਿੱਚ ਪੜ੍ਹਦਾ ਸਾਂ ਤਾਂ ਸਾਡੇ ਪਿੰਡ ਦੀਆਂ ਬਜ਼ੁਰਗ ਬੀਬੀਆਂ ਰਾਤ ਨੂੰ ਮੇਰੇ ਪਾਸੋਂ ਭਾਈ ਬਾਲੇ ਵਾਲੀ ਜਨਮ ਸਾਖੀ ਰੋਜ਼ ਸੁਣਦੀਆਂ ਸਨ। ਤੇ ਸਾਖੀ ਦੇ ਅਖੀਰ ਵਿੱਚ 'ਅੱਗੇ ਸਾਖੀ ਹੋਰ ਚੱਲੀ' ਕਹਿਕੇ ਸਮਾਪਤ ਕਰਦੇ ਸਾਂ। ਉਹ ਬੀਬੀਆਂ ਮੈਨੂੰ ਬਹੁਤ ਅਸੀਸਾਂ ਦਿੰਦੀਆਂ ਸਨ। ਮੈਨੂੰ ਜਾਪਦਾ ਹੈ ਅਸੀਂ ਇਹਨਾਂ ਸਾਖੀਆਂ ਨੂੰ ਤਥਾਤਮਕ ਪੜਚੋਲ ਕਰਨ ਦੇ ਬਹਾਨੇ ਨਾਲ ਅਣਗੌਲਾ ਕਰ ਰਹੇ ਹਾਂ।ਇਸ ਤਰ੍ਹਾਂ ਅਸੀਂ ਇੱਕ ਬੜੇ ਪ੍ਰਭਾਵਸ਼ਾਲੀ ਸਾਹਿਤਿਕ ਵਿਰਸੇ ਦੀ ਸ਼ਕਤੀ ਤੋਂ ਵਾਂਝੇ ਹੋ ਰਹੇ ਹਾਂ।

-- ਭੁੱਲ ਚੁੱਕ ਖਿਮਾ ਜੀ --



---

ਸਲੋਕ ਮਃ ੩ ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥.

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥

# ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ – ਭਾਈ ਸੰਮੁਦ ਸਿੰਘ

**ਡਾ ਜਾਗੀਰ ਸਿੰਘ**

***(ਜੁਲਾਈ, 2019 ਅੰਕ ਦਾ ਬਕਾਇਆ)***

ਕਹਿਣ ਲੱਗੇ,"ਸਾਨੂੰ ਸਾਡੇ ਬਜ਼ੁਰਗਾਂ ਨੇ ਤਿੰਨ ਗੱਲਾਂ ਦਾ ਉਪਦੇਸ਼ ਦਿੱਤਾ ਸੀ। ਪਹਿਲੀ ਇਹ ਕਿ ਕੀਰਤਨ ਗੁਰੂ ਨੂੰ ਸੁਣਾਉਣ ਲਈ ਕਰੀਏ ਉਸਨੂੰ ਹਾਜ਼ਰ ਨਾਜ਼ਰ ਜਾਣ ਕੇ। ਲੋਕਾਂ ਦੀ ਪ੍ਰਸ਼ੰਸਾ ਲਈ ਨਾ ਕਰੀਏ।

ਦੂਜੀ ਇਹ ਕਿ ਜ਼ਰੂਰਤਾਂ ਘਟਾ ਲਈਏ ਤਾਂ ਥੋੜ੍ਹੇ ਵਿਚ ਹੀ ਨਿਰਬਾਹ ਹੋ ਜਾਂਦੈ, ਜੇ ਵਧਾ ਲਈਏ ਤਾਂ ਬਹੁਤੇ ਵਿਚ ਵੀ ਨਹੀਂ ਹੁੰਦਾ।

ਤੀਜੇ ਇਹ ਕਿ ਸ਼ਬਦ-ਭੇਟ ਨੂੰ ਮਨੁੱਖਾਂ ਵਲੋਂ ਦਿੱਤਾ ਦਾਨ ਨਾ ਜਾਣਨਾ, ਪਰਮਾਤਮਾ ਵੱਲੋਂ ਦਿੱਤੀ ਦਾਤ ਜਾਣਨਾ। ਇਸ ਦੀ ਝਾਕ ਨਾ ਰੱਖਣਾ। ਜੋ ਪ੍ਰਾਪਤ ਹੋ ਜਾਵੇ, ਉਸ ਦਾਤੇ ਦੀ ਬਖਸ਼ਿਸ਼ ਜਾਣਨਾ,ਜੋ ਕੁਝ ਵੀ ਪ੍ਰਾਪਤ ਨਾ ਹੋਵੇ ਤਾਂ ਵੀ ਉਸ ਦੀ ਮਿਹਰ ਸਮਝਣਾ ਕਿ ਉਸ ਨੇ ਕੀਰਤਨ ਕਰਨ ਦਾ ਅਉਸਰ ਤਾਂ ਬਖਸ਼ਿਆ ਹੈ।

ਬਾਕੀ, ਸ਼ਬਦ-ਭੇਟ ਸਾਨੂੰ ਏਨੀ ਕੁ ਪ੍ਰਾਪਤ ਹੋ ਜਾਂਦੀ ਹੈ ਕਿ ਦਸਵੰਧ ਕੱਢਣ ਲੱਗਿਆਂ ਔਖ ਨਹੀਂ ਹੁੰਦੀ।"

ਡਾਕਟਰ ਨੇਕੀ ਵੱਲੋਂ ਭਾਈ ਸਾਹਿਬ ਬਾਰੇ ਇਹ ਵਰਣਨ ਸਮੁੱਚੇ ਕੀਰਤਨੀਆਂ ਲਈ ਇੱਕ ਚਾਨਣ ਮੁਨਾਰੇ ਵਾਂਗ ਕੰਮ ਕਰ ਸਕਦਾ ਹੈ। ਭਾਈ ਸਮੁੰਦ ਸਿੰਘ ਜੀ ਸੁਹਣੀ ਸੂਰਤ ਅਤੇ ਸੀਰਤ ਦੇ ਮਾਲਕ ਸਨ। ਸਰੀਰਕ ਤੌਰ 'ਤੇ ਮੱਧਰਾ ਕੱਦ, ਮੋਟੇ ਮੋਟੇ ਨੈਣ-ਨਕਸ਼, ਪ੍ਰਭਾਵਸ਼ਾਲੀ ਦਾਹੜਾ, ਦੀਦਾਰੀ ਮੁੱਖੜਾ, ਨੀਲੀ ਦਸਤਾਰ, ਸਫੈਦ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਆਪ ਦੀ ਸ਼ਖਸੀਅਤ ਨੂੰ ਮਿਕਨਾਤੀਸੀ ਸਣਾ ਦਿੰਦੇ। ਦਸਤਾਰ ਉਹ ਬਹੁਤ ਪੋਚਵੀਂ ਬੰਨ੍ਹਦੇ ਸਨ। ਹਰ ਇਕ ਨੂੰ ਉਨ੍ਹਾਂ ਵਿੱਚੋਂ ਪੂਰਨ ਖ਼ਾਲਸੇ ਦਾ ਦੀਦਾਰ ਹੁੰਦਾ। ਸੀਰਤ ਦੇ ਪੱਖ ਤੋਂ ਉਨ੍ਹਾਂ ਦੀ ਕੋਈ ਰੀਸ ਨਹੀਂ ਸੀ। ਨਿਰੰਕਾਰ ਨੇ ਉਨ੍ਹਾਂ ਦੀ ਆਵਾਜ਼ ਵਿੱਚ ਜੋ ਸ਼ੁੱਧਤਾ, ਸਪੱਸ਼ਟਤਾ ਤੇ ਮਧੁਰਤਾ ਬਖਸ਼ੀ ਉਹਨਾਂ ਵਿਸ਼ੇਸ਼ ਗੁਣਾਂ ਨੇ ਉਨ੍ਹਾਂ ਨੂੰ ਲੋਕਾਂ ਦੇ ਦਿਲਾਂ ਦਾ ਸਵੱਰ-ਸਮਰਾਟ ਬਣਾ ਦਿੱਤਾ।

ਭਾਈ ਸਮੁੰਦ ਸਿੰਘ ਜੀ ਦੇ ਸਪੁੱਤਰ ਹਰਿਭਜਨ ਸਿੰਘ ਜੋ ਇਸ ਸਮੇਂ ਅਮਰੀਕਾ ਵਿੱਚ ਹਨ ਨੇ ਆਪਣੇ ਪਿਤਾ ਜੀ ਬਾਰੇ ਬੜਾ ਸੁੰਦਰ ਲੇਖ ਲਿਖਿਆ ਹੈ ਇਸ ਵਿੱਚ ਉਹ ਉਹਨਾਂ ਦੀ ਦਿੱਖ ਬਾਰੇ ਵਰਣਨ ਕਰਦੇ ਹਨ- "ਮੇਰੇ ਪਿਤਾ ਜੀ ਦਿੱਖ ਬਹੁਤ ਪ੍ਰਭਾਵਸ਼ਾਲੀ ਸੀ।ਰੰਗ ਗੋਰਾ, ਕੱਦ ਮਧਰਾ ਤੇ ਨੇਣ ਨਕਸ਼ ਤਿੱਖੇ ਸਨ।ਉਹ ਜਵਾਨੀ ਵਿੱਚ ਰੇਸ਼ਮੀ ਪਗੜੀ, ਚਿੱਟਾ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਪਹਿਨਦੇ ਸਨ।ਵੱਡੀ ਉਮਰ ਵਿੱਚ ਜਾ ਕੇ ਉਹਨਾਂ ਨੇ ਨੀਲੀ ਦਸਤਾਰ ਤੇ ਚੂੜੀਦਾਰ ਪਜਾਮਾ ਪਹਿਨਿਆ। ਪਗੜੀ ਦੇ ਪੇਚ ਇੰਨੇ ਸਾਫ ਸੁਥਰੇ ਹੁੰਦੇ ਸਨ ਜਿੰਨੇ ਉਹਨਾਂ ਦੀ ਗਾਇਕੀ ਤਾਨ-ਪਲਟੇ।"

ਪ੍ਰੋਫੈਸਰ ਪਰਮਜੋਤ ਸਿੰਘ ਭਾਈ ਸਮੁੰਦ ਸਿੰਘ ਜੀ ਦੇ ਅਨਿੰਨ ਸ਼ਾਗਿਰਦ ਸਨ। ਉਹ 1972-73 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਲੈਕਚਰਰ ਦੇ ਤੌਰ ਤੇ ਕੰਮ ਕਰਦੇ ਰਹੇ ਸਨ। ਜਦੋਂ ਉਹ ਇੱਥੋਂ ਨੌਕਰੀ ਛੱਡ ਕੇ ਪੰਜਾਬ ਸਿੰਧ ਬੈਂਕ ਵਿੱਚ ਚਲੇ ਗਏ ਤਾਂ ਮੈਂ ਇਸ ਕਾਲਜ ਵਿੱਚ ਲੈਕਚਰਾਰ ਨਿਯੁਕਤ ਹੋਇਆ ਸਾਂ।ਇਸ ਕਾਰਨ ਪਰਮਜੋਤ ਸਿੰਘ ਜੀ ਨਾਲ ਮੇਰਾ ਨੇੜ ਸਥਾਪਤ ਹੋਇਆ। ਬਾਅਦ ਵਿੱਚ ਜਦੋਂ ਪੰਜਾਬ ਸਿੰਧ ਬੈਂਕ ਨੇ ਗੁਰਬਾਣੀ ਦੇ ਪੁਰਾਤਨ ਕੀਰਤਨ ਦੀ ਸੰਭਾਲ ਲਈ ਆਰਕਾਈਵ ਸਥਾਪਤ ਕਰਨ ਦੀ ਯੋਜਨਾ ਬਣਾਈ ਤਾਂ ਇਸ ਕਮੇਟੀ ਵਿੱਚ ਮੈਨੂੰ ਵੀ ਮੈਂਬਰ ਵਜੋਂ

ਰੱਖਿਆ ਗਿਆ ਸੀ।ਪਰਮਜੋਤ ਸਿੰਘ ਭਾਈ ਸਮੁੰਦ ਸਿੰਘ ਜੀ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਉਹਨਾਂ ਨੇ ਮੁਲਾਂਪੁਰ ਲੁਧਿਆਣਾ ਵਿਖੇ ਆਪਣੇ ਘਰ ਦਾ ਨਾਮ "ਸਵਰ-ਸਮੁੰਦ" ਰੱਖਿਆ ਸੀ। ਆਪ ਜੀ ਭਾਈ ਸਾਹਿਬ ਦੇ ਸਾਰੇ ਪਰਿਵਾਰ ਦੇ ਨੇੜੇ ਸਨ।ਉਹ ਭਾਈ ਸਾਹਿਬ ਦੀ ਸ਼ੈਲੀ ਵਿੱਚ ਕੀਰਤਨ ਕਰਦੇ ਸਨ। ਉਹਨਾਂ ਨੇ ਭਾਈ ਸਾਹਿਬ ਬਾਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।ਉਹਨਾਂ ਨੇ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਨੂੰ ਕਾਇਮ ਰੱਖਣ ਲਈ ਕਈ ਰੀਤਾਂ ਰਿਕਾਰਡ ਕੀਤੀਆਂ ਅਤੇ ਭਾਈ ਸਾਹਿਬ ਦੀਆਂ ਬੰਦਸ਼ਾਂ ਨੂੰ ਸੁਰਲਿਪੀ ਬੱਧ ਕਰਕੇ ਪੁਸਤਕ ਰੂਪ ਵੀ ਦਿੱਤਾ। 'ਸਮੁੰਦ ਸਾਗਰ' ਨਾਮਕ ਇਹ ਪੁਸਤਕ ਸਿੰਘ ਬ੍ਰਦਰਜ਼ ਵੱਲੋਂ ਬੜੀ ਪ੍ਰਭਾਵਸ਼ਾਲੀ ਦਿਖ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿੱਚ ਪ੍ਰੋਫੈਸਰ ਪਰਮਜੋਤ ਸਿੰਘ ਨੇ ਭਾਈ ਸਾਹਿਬ ਦੇ ਪਰਿਵਾਰਕ ਜੀਵਨ ਬਾਰੇ ਬੜੇ ਸੁੰਦਰ ਢੰਗ ਨਾਲ ਲਿਖਿਆ ਹੈ- ਭਾਈ ਸਾਹਿਬ ਜੀ ਦੀ ਸਾਧਨਾ ਅਤੇ ਕਲਾਤਮਕ ਸਿਖਰਾਂ ਨੂੰ ਦੇਖਦਿਆਂ ਲੱਗਦਾ ਹੋਵੇਗਾ ਕਿ ਸ਼ਾਇਦ ਉਹ ਆਪਣੇ ਗ੍ਰਿਹਸਤ ਜੀਵਨ ਤੋਂ ਉਪਰਾਮ ਰਹੇ ਹੋਣਗੇ। ਪਰ ਨਹੀਂ, ਉਹ ਤਾਂ ਇਕ ਆਗਿਆਕਾਰ ਪੁੱਤਰ, ਖੁਸ਼ਗਵਾਰ ਪਿਤਾ ਤੇ ਸੁਹਿਰਦ ਪਤੀ ਵਜੋਂ ਪ੍ਰਵਾਨ ਹੋਏ। ਉਨ੍ਹਾਂ ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਬਾਹੀਆਂ। ਉਨ੍ਹਾਂ ਦੀ ਪਤਨੀ ਬੀਬੀ ਦਇਆ ਕੌਰ ਧਰਮ ਅਤੇ ਧੀਰਜ ਦੀ ਮੂਰਤ ਸਨ। ਜੋ ਮਿਲਣ ਆਏ-ਗਏ ਦੀ ਸੇਵਾ ਖਿੜੇ ਮੱਥੇ ਕਰਦੇ। ਉਨ੍ਹਾਂ ਦੀਆਂ ਤਿੰਨ ਬੇਟੀਆਂ ਨੇ ਉੱਚ-ਵਿੱਦਿਆ ਪ੍ਰਾਪਤ ਕਰ ਕੇ ਉੱਚੇ ਅਹੁਦੇ ਪ੍ਰਾਪਤ ਕੀਤੇ। ਉਨ੍ਹਾਂ ਦੇ ਇਕਲੌਤੇ ਪੁੱਤਰ ਸ. ਹਰਭਜਨ ਸਿੰਘ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਅਮਰੀਕਾ ਵਿੱਚ ਉੱਚੇ ਅਹੁਦੇ 'ਤੇ ਸਥਾਪਤ ਹੋਏ।ਪ੍ਰੋ ਪਰਮਜੋਤ ਸਿੰਘ ਜੀ ਨੇ ਉਹਨਾਂ ਦੀ ਸ਼ਖਸੀਅਤ ਬਾਰੇ ਪ੍ਰਸਿੱਧ ਲੇਖਕਾਂ ਦੀਆਂ ਭਾਈ ਸਾਹਿਬ ਬਾਰੇ ਲਿਖੇ ਲੇਖਾਂ ਨੂੰ ਸੰਕਲਿਤ ਕਰਕੇ ਪੁਸਤਕ 'ਸਵਰ ਸਮੁੰਦ' ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿੱਚ ਹੀ ਜਿਥੇ ਪ੍ਰਸਿੱਧ ਲੇਖਕਾਂ ਦੇ ਲੇਖ ਹਨ ਉਥੇ ਭਾਈ ਸਾਹਿਬ ਦੇ ਸਪੁੱਤਰ ਅਤੇ ਉਹਨਾਂ ਦੀ ਸਪੁੱਤਰੀ ਦੇ ਵੀ ਲੇਖ ਛਪੇ ਹਨ। ਸ੍ਰ ਹਰਭਜਨ ਸਿੰਘ ਭਾਵੇਂ ਇੱਕ ਇਨਜੀਨੀਅਰ ਹਨ ਪਰ ਗੁਰਮਤਿ ਸੰਗੀਤ ਉਹਨਾਂ ਦੇ ਧੁਰ ਅੰਦਰ ਵੱਸਿਆ ਹੋਇਆ ਹੈ। ਜਦੋਂ ਕਦੇ ਉਹ ਭਾਰਤ ਆਉਂਦੇ ਹਨ ਤਾਂ ਇਥੋਂ ਦੇ ਸੰਗੀਤਕਾਰਾਂ ਨਾਲ ਮਿਲ ਕੇ ਸੰਗੀਤ ਦੀਆਂ ਬਾਰੀਕੀਆਂ ਵਿਚਾਰਦੇ ਰਹਿੰਦੇ ਹਨ। ਕੁਝ ਸਾਲ ਪਹਿਲਾਂ ਜਦੋਂ ਚੰਡੀਗੜ੍ਹ ਆਏ ਤਾਂ ਮੇਰੇ ਪੁਰਾਣੇ ਸਾਥੀ ਡਾਕਟਰ ਪਰਮਜੀਤ ਸਿੰਘ ਜੋ ਕਾਫੀ ਸਮਾਂ ਮੇਰੇ ਨਾਲ ਤਬਲੇ ਸੰਗਤ ਕਰਦੇ ਰਹੇ ਹਨ ਨਾਲ ਮਿਲ ਕੇ ਆਪਣੇ ਪਿਤਾ ਜੀ ਭਾਈ ਸਮੁੰਦ ਸਿੰਘ ਜੀ ਦੀਆਂ ਰੀਤਾਂ ਵਿੱਚ ਕੀਰਤਨ ਕਰਕੇ ਆਨੰਦ ਲੈਂਦੇ ਰਹੇ ਹਨ। ਆਪ ਭਾਈ ਸਾਹਿਬ ਦੀ ਗਾਇਕੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦੇ ਹਨ- ਪਿਤਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਲਗਾਤਾਰ 28 ਸਾਲ ਕੀਰਤਨ ਦੀ ਸੇਵਾ ਕੀਤੀ। ਗੁਰੂ ਨਾਨਕ ਸਾਹਿਬ ਨੇ ਅਜਿਹੀ ਕਲਾ ਵਰਤਾਈ ਕਿ ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਹ ਸੀਨੇ ਦੇ ਜ਼ੋਰ ਨਾਲ ਗਾਉਂਦੇ ਸਨ। ਢਿੱਲੀ ਗਾਇਕੀ ਉਨ੍ਹਾਂ ਨੂੰ ਉੱਕੀ ਪਸੰਦ ਨਹੀਂ ਸੀ, ਤਾਨ ਪਲਟੇ ਤੇ ਲੈਅ ਦੇ ਧਨੀ ਸਨ, ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ। ਉਸ ਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।"

ਉਹਨਾਂ ਦੀ ਸਪੁੱਤਰੀ ਬੀਬੀ ਜਸਕਿਰਨ ਕੌਰ ਨੇ ਬੜੇ ਵਿਦਵਤਾਪੂਰਨ ਢੰਗ ਨਾਲ ਭਾਈ ਸਾਹਿਬ ਦੀ ਸ਼ਖਸੀਅਤ ਅਤੇ ਕੀਰਤਨ ਕਲਾ ਦਾ ਵਿਸ਼ਲੇਸ਼ਣ ਕੀਤਾ ਹੈ। "ਆਪ ਬਹੁਤਾ ਨਿਰੋਲ ਬਾਣੀ ਗਾਉਣ 'ਤੇ ਜ਼ੋਰ ਦਿੰਦੇ ਤਾਂ ਕਿ ਘੜੀ ਪਲ ਲਈ ਸੁਰਤ ਸ਼ਬਦ ਨਾਲੋਂ ਨਾ ਟੁੱਟੇ।--ਆਪਦੀ ਗਾਇਕੀ ਦੀ ਪ੍ਰਸਿੱਧਤਾ ਸੀ ਕਿ ਸਮੇਂ ਅਨੁਸਾਰ ਉਦਾਹਰਨਾਂ ਗੁਰਬਾਣੀ ਵਿਚੋਂ ਦੇਣੀਆਂ ਤਾਂਕਿ ਸਪਸ਼ਟਤਾ ਵਧਦੀ ਜਾਵੇ ਤੇ ਫਿਰ ਅੰਤਰੇ ਨਾਲ ਜੋੜ ਉਸ ਦੀ ਰੌਚਕਤਾ ਵਧਾ ਦੇਣੀ।ਜੇ ਸਮਾਂ ਘਟ ਹੋਵੇ ਤਾਂ ਸਮੁੰਦਰ ਗੁਰੂ ਗ੍ਰੰਥ ਸਾਹਿਬ ਵਿਚੋਂ ਐਸੇ ਚੋਣਵੇਂ ਤੇ ਛੋਟੇ ਸ਼ਬਦ ਸ੍ਰੋਤਿਆਂ ਨੂੰ ਸੁਣਾਉਣੇ ਕਿ ਸਭ ਮੰਤਰ ਮੁਗਧ ਹੋ ਉਠਣ।-- ਰੇਡੀਓ ਸਟੇਸ਼ਨਾਂ 'ਤੇ ਗਾਉਣ ਲਈ ਸਮੇਂ ਦੀ ਬੰਦਸ਼ ਦਾ ਇਤਨਾ ਧਿਆਨ ਰਖਦੇ ਸਨ ਕਿ ਜੇ 5 ਸ਼ਬਦਾਂ ਦੀ ਮੰਗ ਹੋਵੇ ਤੇ ਟਾਈਮ 25 ਮਿੰਟ ਹੋਵੇ ਤਾਂ ਆਪ ਦੇ ਸ਼ਬਦ ਵਿੱਚ ਭਾਵੇਂ ਉਚਾਰਨ ਤੇ ਅਲਾਪ ਵੀ ਹੋਵੇ ਤਾਂ 5 ਮਿੰਟ ਤੋਂ ਵਧ ਨਾ ਹੁੰਦਾ।ਸਿੱਖਾਂ ਤੋਂ ਇਲਾਵਾ ਬਾਕੀ ਜਾਤੀਆਂ ਭੀ ਆਪ ਦੀ ਕਲਾ ਦੀਆਂ ਰਿਣੀ ਸਨ।ਸਾਜ਼ ਵਜਾਉਣ ਵਾਲੇ ਕਹਿੰਦੇ ਸਨ ਕਿ ਵਜਾਣ ਲਗਿਆਂ ਸਾਡੇ ਸਾਜ਼ਾਂ ਵਿਚ ਭੀ ਆਨੰਦ ਭਰ ਜਾਂਦਾ ਹੈ,ਫਿਰ ਸੋਚੋ,ਵਜਾਣ ਵਾਲਿਆਂ ਦੇ ਹੱਥਾਂ ਨੂੰ ਕੀ ਪ੍ਰਤੀਤ ਹੁੰਦਾ ਹੋਵੇਗਾ।

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਨਾਲ ਜਿਨ੍ਹਾਂ ਪਰਿਵਾਰਾਂ ਵਿੱਚ ਉਨ੍ਹਾਂ ਦੇ ਪੁੱਤਰ-ਪੁੱਤਰੀਆਂ ਦੇ ਵਿਆਹ ਸਬੰਧ ਜੁੜੇ, ਉਹ ਵੀ ਵਿਦਵਾਨ ਗੁਰਸਿੱਖ ਪਰਿਵਾਰ ਸਨ। ਇਹੋ ਜਿਹੇ ਹੱਸਦੇ-ਵੱਸਦੇ ਪਰਿਵਾਰ ਵਿੱਚ ਜਦੋਂ ਵੀ ਭਾਈ ਸਾਹਿਬ ਨੂੰ ਬੈਠਣ ਦਾ ਮੌਕਾ ਮਿਲਦਾ, ਉਹ ਹਾਸਾ-ਠੱਠਾ ਵੀ ਕਰਿਆ ਕਰਦੇ । ਸਮਾਜ ਵਿੱਚ ਵਿਚਰਨ ਘੇਰਾ ਮੋਕਲਾ ਹੋਣ ਕਰਕੇ ਉਹ ਆਪਣੇ ਅਨੁਭਵ ਸਾਰੇ ਪਰਿਵਾਰ ਵਿੱਚ ਸਾਂਝੇ ਕਰਦੇ ।

ਗੁਰਮਤਿ ਨੇ ਇਕ ਕਸਵੱਟੀ ਦਿੱਤੀ ਹੈ, "ਖੋਲਿ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ", ਜਿਸ ਨੂੰ ਭਾਈ ਸਾਹਿਬ ਨੇ ਆਪਣੀ ਜ਼ਿੰਦਗੀ ਵਿੱਚ ਅਪਣਾਇਆ। ਉਨ੍ਹਾਂ ਨਾਨਕ ਬਾਣੀ ਵਿੱਚ ਡੂੰਘੀ ਟੁੱਭੀ ਲਾਈ ਅਤੇ

ਰਾਗ-ਰਤਨ ਨਾਲ ਭਰਪੂਰ ਖ਼ਜ਼ਾਨੇ ਨੂੰ ਪ੍ਰਾਪਤ ਕੀਤਾ। ਉਹ ਜਿਥੇ ਆਪ ਇਸ ਅਤੁੱਟ, ਅਮੋਲਕ ਤੇ ਦੁਰਲੱਭ ਖ਼ਜ਼ਾਨੇ ਨਾਲ ਮਾਲੋ-ਮਾਲ ਹੋ ਗਏ, ਉਥੇ ਉਨ੍ਹਾਂ ਆਪਣੇ ਸਾਥੀਆਂ ਨੂੰ ਵੀ ਮਾਲੋ-ਮਾਲ ਕਰ ਦਿੱਤਾ। ਲੰਮੇ ਸਮੇਂ ਤਕ ਕੀਰਤਨ ਦੀ ਸੇਵਾ ਵਿੱਚ ਸ. ਤੇਜਾ ਸਿੰਘ ਤੇ ਸ. ਹਰਨਾਮ ਸਿੰਘ ਨੇ ਉਨ੍ਹਾਂ ਨਾਲ ਸੰਗਤ ਕੀਤੀ। ਬਹੁਤ ਥੋੜ੍ਹਾ ਸਮਾਂ ਸ. ਪਰਮਜੋਤ ਸਿੰਘ ਨੂੰ ਵੀ ਉਨ੍ਹਾਂ ਦੀ ਸੰਗਤ ਮਾਨਣ ਦਾ ਨਿੱਘ ਪ੍ਰਾਪਤ ਹੋਇਆ। ਪਰ ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਇਆ, ਉਸ ਨੂੰ ਦੁਨਿਆਵੀ ਅਤੇ ਰੂਹਾਨੀ ਤਾਕਤ ਪ੍ਰਾਪਤ ਹੋਈ । ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਸ. ਤੇਜਾ ਸਿੰਘ ਦੇ ਲੜਕੇ ਸ. ਹਰਕੀਰਤ ਸਿੰਘ ਨੇ ਵਿਦਿਅਕ ਅਤੇ ਦੁਨਿਆਵੀ ਖੇਤਰ ਵਿੱਚ ਬੁਲੰਦੀਆਂ ਨੂੰ ਛੂਹਿਆ ।

ਭਾਈ ਹਰਨਾਮ ਸਿੰਘ ਜੀ ਨੇ ਬਹੁਤ ਲੰਮਾ ਸਮਾਂ ਭਾਈ ਸਮੁੰਦ ਸਿੰਘ ਜੀ ਨਾਲ ਤਬਲੇ ਤੇ ਸੰਗੀਤ ਕੀਤੀ।ਉਹਨਾ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਕੁਝ ਸਮਾਂ ਚੰਡੀਗੜ੍ਹ ਪ੍ਰੋਫੈਸਰ ਨਿਰਮਲ ਸਿੰਘ ਨਾਲ ਤਬਲੇ ਤੇ ਸੰਗਤ ਕਰਦੇ ਰਹੇ ਹਨ।ਭਾਈ ਸਮੁੰਦ ਸਿੰਘ ਜੀ ਕਾਰਨ ਦੇਸ ਦੇ ਵੱਡੇ ਵੱਡੇ ਸ਼ਹਿਰਾਂ ਦੀਆਂ ਸੰਗਤਾਂ ਭਾਈ ਹਰਨਾਮ ਸਿੰਘ ਜੀ ਦਾ ਸਤਿਕਾਰ ਕਰਦੀਆਂ ਸਨ।ਇਸ ਕਾਰਨ ਪ੍ਰੋਫੈਸਰ ਨਿਰਮਲ ਸਿੰਘ ਜੀ ਨੂੰ ਇਹਨਾਂ ਸ਼ਹਿਰਾਂ ਵਿੱਚ ਕੀਰਤਨ ਕਰਨ ਦਾ ਭਰਪੂਰ ਮੌਕਾ ਮਿਲਿਆ। ਮੈਂ (ਜਾਗੀਰ ਸਿੰਘ) ਆਪਣੀ ਰੁਚੀ ਅਨੁਸਾਰ ਭਾਈ ਹਰਨਾਮ ਸਿੰਘ ਜੀ ਤੋਂ ਭਾਈ ਸਮੁੰਦ ਸਿੰਘ ਜੀ ਬਾਰੇ ਜਾਣਕਾਰੀ ਲੈਂਦਾ ਰਹਿੰਦਾ ਸਾਂ।ਉਹਨਾਂ ਨੇ ਜੋ ਕੁਝ ਦੱਸਿਆ ਇਸ ਦਾ ਜ਼ਿਕਰ ਪ੍ਰੋਫੈਸਰ ਪਰਮਜੋਤ ਸਿੰਘ ਨੇ ਆਪਣੀ ਪੁਸਤਕ ਸਮੁੰਦ ਸਾਗਰ ਵਿੱਚ ਬਹੁਤ ਵਧੀਆ ਢੰਗ ਨਾਲ ਕੀਤਾ ਹੈ।ਆਪ ਲਿਖਦੇ ਹਨ ਕਿ ਭਾਈ ਹਰਨਾਮ ਸਿੰਘ ਤਾਂ ਇਥੋਂ ਤਕ ਮੰਨਦੇ ਹਨ ਕਿ ਮੇਰਾ ਵੱਡਾ ਬੇਟਾ ਅੰਮ੍ਰਿਤਪਾਲ ਤਾਂ ਉਨ੍ਹਾਂ ਦੀ ਅਰਜ਼ੋਈ ਸਦਕਾ ਪੈਦਾ ਹੋਇਆ। ਉਨ੍ਹਾਂ ਨੇ ਜਜ਼ਬਾਤੀ ਰੌਂਅ ਵਿੱਚ ਆਪਣੇ ਮੂੰਹੋਂ ਇਹ ਘਟਨਾ ਸੁਣਾਈ ਤੇ ਦੱਸਿਆ, 1947 ਦੀ ਵੰਡ ਉਪਰੰਤ ਇਕ ਵਾਰ ਪਾਕਿਸਤਾਨ ਦੇ ਧਾਰਮਿਕ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਗਈ। ਅਸੀਂ ਵੀ ਕੀਰਤਨੀ ਜਥੇ ਦੇ ਰੂਪ ਵਿੱਚ ਨਾਲ ਗਏ। ਨਨਕਾਣਾ ਸਾਹਿਬ ਕੀਰਤਨ ਦੀ ਹਾਜ਼ਰੀ ਲਗਵਾਈ। ਕੀਰਤਨ ਉਪਰੰਤ ਮੇਰੇ ਸਮੇਤ ਚੌਦਾਂ-ਪੰਦਰਾਂ ਪ੍ਰੇਮੀਆਂ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਭਾਈ ਸਾਹਿਬ ਤੁਸੀਂ ਨਾਨਕ ਪਾਤਸ਼ਾਹ ਦੇ ਦਰ 'ਤੇ ਲੰਮਾ ਸਮਾਂ ਕੀਰਤਨੀਏ ਵਜੋਂ ਸੇਵਾ ਕੀਤੀ ਹੈ । ਸਾਡੀ ਅਰਜ਼ੋਈ ਕਰੋ ਕਿ ਸਾਡੇ 'ਤੇ ਵੀ ਗੁਰੂ ਨਾਨਕ ਪਾਤਸ਼ਾਹ ਬਖ਼ਸ਼ਿਸ਼ ਕਰਨ। ਸਾਡੀਆਂ ਸ਼ੁਭ ਮਨੋਕਾਮਨਾਵਾਂ ਪੂਰੀਆਂ ਹੋਣ। ਭਾਈ ਸਾਹਿਬ ਨੇ ਗਲ ਵਿੱਚ ਪੱਲਾ ਪਾ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ ਕੀਤੀ, "ਹੇ ਨਾਨਕ ਪਾਤਸ਼ਾਹ । ਮੈਂ ਤੇਰੇ ਦਰ ਦਾ ਕੀਰਤਨੀਆ ਹਾਂ, ਤੇਰੇ ਦਰਬਾਰ ਦਾ ਕੀਰਤਨੀਆ ਸਮਝ ਇਨ੍ਹਾਂ ਨੇ ਮੈਨੂੰ ਅਰਜ਼ੋਈ ਕਰਨ ਲਈ ਕਿਹਾ ਹੈ, ਇਨ੍ਹਾਂ ਵਿੱਚ ਮੇਰਾ ਸਾਥੀ ਹਰਨਾਮ ਸਿੰਘ ਵੀ ਹੈ। ਜੋ ਜੋ ਇਹ ਮੰਗਦੇ ਹਨ, ਇਨ੍ਹਾਂ ਦੀ ਝੋਲੀ ਖ਼ੈਰ ਪਾ।" ਭਾਈ ਹਰਨਾਮ ਸਿੰਘ ਨੇ ਦੱਸਿਆ ਕਿ ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਸਾਰਿਆਂ 'ਤੇ ਉਹੀ ਬਖ਼ਸ਼ਿਸ਼ਾਂ ਹੋਈਆਂ, ਜੋ ਜੋ ਕਿਸੇ ਨੇ ਮੰਗੀਆਂ ਸਨ। ਭਾਈ ਸਾਹਿਬ ਦੇ ਬੋਲਾਂ ਵਿੱਚ ਇਕ ਅਗੰਮੀ ਸ਼ਕਤੀ ਸੀ, ਜਿਸ ਕਰਕੇ ਮੈਂ ਇੰਨਾ ਲੰਮਾ ਸਮਾਂ ਉਨ੍ਹਾਂ ਨਾਲ ਜੁੜਿਆ ਰਿਹਾਂ। ਉਨ੍ਹਾਂ ਨੇ ਹੋਰ ਦੱਸਿਆ ਕਿ ਉਹ ਮੈਨੂੰ ਪਿਤਾ ਸਮਾਨ ਪਿਆਰ ਕਰਦੇ ਸਨ । ਜਦੋਂ ਕਦੇ ਮੈਂ ਤਬਲੇ ਦੀ ਸੰਗਤ ਕਰਨ ਸਬੰਧੀ ਅਵੇਸਲਾ ਹੋਣਾ, ਉਨ੍ਹਾਂ ਮੈਨੂੰ ਤਾੜਨਾ ਕਰਨੀ, "ਸ. ਹਰਨਾਮ ਸਿਆਂ ? ਤਿਆਰ ਹੋ, ਕਮਲਾ ਨਾ ਬਣ। ਆਪਾਂ ਕੀਰਤਨ ਕਰ ਆਈਏ। ਕਦੀ ਯਾਦ ਕਰਿਆ ਕਰੇਂਗਾ ।" ਫਿਰ ਕਦੀ ਮੈਨੂੰ ਵਡਿਆਉਂਦਿਆਂ ਹੋਇਆਂ ਕਹਿਣਾ, "ਮੇਰੀਆਂ ਬਾਹਵਾਂ ਮੇਰੇ ਸਾਥੀ ਨੇ, ਮੈਂ ਤਾਂ ਉਨ੍ਹਾਂ ਦੇ ਸਿਰ 'ਤੇ ਹੀ ਉਡਿਆ ਫਿਰਦਾ ਹਾਂ।" ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਵਿੱਚ ਇਕ ਮਿਕਨਾਤੀਸੀ ਖਿੱਚ ਸੀ । ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ, ਉਨ੍ਹਾਂ ਦਾ ਹੀ ਬਣ ਜਾਂਦਾ। ਸੰਤਾਂ ਤੇ ਸੰਗਤਾਂ ਵੱਲੋਂ ਉਨ੍ਹਾਂ ਨੂੰ ਅਥਾਹ ਪਿਆਰ ਮਿਲਿਆ। ਸ. ਹਰਨਾਮ ਸਿੰਘ ਜੀ ਨੇ ਅਜਿਹੇ ਪਿਆਰ ਸਬੰਧੀ ਘਟਨਾ ਦਰਸਾਉਂਦਿਆਂ ਕਿਹਾ, "1947 ਤੋਂ ਪਹਿਲਾਂ ਇਕ ਵਾਰ ਅਸੀਂ ਨਨਕਾਣਾ ਸਾਹਿਬ ਤੋਂ ਜਥੇ ਸਮੇਤ ਸਿੰਧੀ ਸੰਗਤਾਂ ਦੇ ਬੁਲਾਵੇ 'ਤੇ ਕਰਾਚੀ ਗਏ । ਜਦੋਂ ਅਸੀਂ ਸਟੇਸ਼ਨ 'ਤੇ ਪਹੁੰਚੇ ਤਾਂ ਕੀ ਦੇਖਿਆ ਕਿ ਸੰਗਤਾਂ ਦਾ ਅਥਾਹ ਸਮੁੰਦਰ ਇਕ ਜਲੂਸ ਦੀ ਸ਼ਕਲ ਵਿੱਚ ਭਾਈ ਸਾਹਿਬ ਦੇ ਸਤਿਕਾਰ ਲਈ ਸਟੇਸ਼ਨ 'ਤੇ ਪਹੁੰਚਿਆ ਹੋਇਆ ਸੀ। ਸੰਗਤਾਂ ਨੇ ਭਾਈ ਸਾਹਿਬ ਨੂੰ ਗੱਡੀ ਤੋਂ ਉਤਰਦਿਆਂ ਸਾਰ ਘੇਰ ਲਿਆ। ਹਾਰ ਪਾ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਤੇ ਫਿਰ ਢੋਲਕੀਆਂ-ਛੈਣਿਆਂ ਨਾਲ ਇਕ-ਸੁਰ ਵਿੱਚ ਗਾਣ ਲੱਗੇ, "ਨਨਕਾਣੇ ਦੇ ਰਾਗੀ ਆਏ ਜੀ", "ਭਾਈ ਸਮੁੰਦ ਸਿੰਘ ਆਏ ਜੀ"। ਇਸ ਲੈਅ-ਮਈ ਧੁਨੀ ਨਾਲ ਸਾਰਾ ਸ਼ਹਿਰ ਗੂੰਜ ਉਠਿਆ। ਇਹ ਤਾਂ ਗੁਰੂ ਨਾਨਕ ਨਾਮ-ਲੇਵਾ ਸਹਿਜਧਾਰੀ ਸਿੱਖ ਸੰਗਤਾਂ ਦਾ ਪ੍ਰਭਾਵ ਸੀ। ਹੋਰ ਵੀ ਅਨੇਕਾਂ ਨੇ ਭਾਈ ਸਾਹਿਬ ਦੇ ਕੀਰਤਨ ਪ੍ਰਭਾਵ ਨੂੰ ਕਬੂਲਿਆ।ਭਾਈ ਸਾਹਿਬ ਨੂੰ ਸੰਗਤਾਂ ਵੱਲੋਂ ਜਿਤਨਾ ਪਿਆਰ ਸਤਿਕਾਰ ਮਿਲਿਆ ਉਸ ਅੱਗੇ ਸਰਕਾਰੀ ਮਾਨ ਸਮਨਾਮ ਤੁੱਛ ਜਾਪਦੇ ਹਨ। ਫਿਰ ਵੀ 1969-70 ਪੰਜਾਬ ਸਰਕਾਰ ਵੱਲੋਂ ਆਪ ਨੂੰ ਭਾਈ ਮਰਦਾਨਾ ਅਵਾਰਡ ਦੇ ਕੇ ਸਨਮਾਨਤ ਕੀਤਾ ਗਿਆ।ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ ਭਾਈ ਸਾਹਿਬ ਦੇ ਚੋਣਵੇਂ ਸ਼ਬਦਾਂ ਦੀ ਇੱਕ ਐਮ ਪੀ 3 ਸੀ ਡੀ ਤਿਆਰ ਕੀਤੀ ਸੀ। ਜੋ ਕੀਰਤਨ ਪ੍ਰੇਮੀਆਂ ਨੂੰ ਫਰੀ ਵੰਡੀ ਗਈ ਸੀ। ਹੁਣ ਤਾਂ ਭਾਈ ਸਾਹਿਬ ਦੇ ਅਨੇਕਾਂ ਸ਼ਬਦ ਯੂ ਟਿਊਬ ਤੇ ਸੁਣਨ ਨੂੰ ਮਿਲ ਜਾਂਦੇ ਹਨ। ਇਸ ਨੂੰ ਸੁਣ ਕੇ ਅਜੋਕੇ ਕੀਰਤਨੀਏ ਇਸ ਮਿਆਰੀ ਕੀਰਤਨ ਤੋਂ ਕਾਫੀ ਕੁਝ

ਸਿੱਖ ਸਕਦੇ ਹਨ। ਪ੍ਰਸਿੱਧ ਕੀਰਤਨੀਏ ਪਦਮ ਸ਼੍ਰੀ ਭਾਈ ਨਿਰਮਲ ਸਿੰਘ ਨੇ ਇੱਕ ਲੇਖ ਵਿੱਚ ਭਾਈ ਸਾਹਿਬ ਬਾਰੇ ਲਿਖਿਆ ਹੈ-ਭਾਈ ਸਮੁੰਦ ਸਿੰਘ ਵਰਗੇ ਸਿਰਮੌਰ ਕੀਰਤਨੀਏ ਸਾਡੇ ਸਭਨਾਂ ਲਈ ਇੱਕ ਉੱਚ ਆਦਰਸ਼ ਹਨ, ਉਹਨਾਂ ਦੇ ਗੁਰਮਤਿ ਸੰਗੀਤਕ ਸਫਰ ਤੋਂ ਜੋ ਸਾਨੂੰ ਸੇਧ ਮਿਲਦੀ ਹੈ ਉਹ ਨਿਹਾਇਤ ਹੀ ਬੇਸ਼ਕੀਮਤੀ ਤੇ ਅਨਮੋਲ ਹੈ। ਮੇਰੇ ਮਨ ਅੰਦਰ ਆਪ ਜੀ ਦਾ ਅੰਤਾਂ ਦਾ ਸਤਿਕਾਰ ਹੈ, ਅਜਿਹੇ ਸੰਗੀਤ ਪ੍ਰਵੀਨ ਕੀਰਤਨੀਏ ਕਿਧਰੇ ਹਯਾਤੀਆਂ ਬਾਅਦ ਜਾ ਕੇ ਪੈਦਾ ਹੁੰਦੇ ਹਨ।- ਪ੍ਰਿੰਸੀਪਲ ਦਿਆਲ ਸਿੰਘ ਜੋ ਆਪ ਸੰਗੀਤ ਕਲਾ ਅਤੇ ਗੁਰਮਤਿ ਸੰਗੀਤ ਦੇ ਉੱਚ ਕੋਟੀ ਦੇ ਵਿਦਵਾਨ ਜਿਹਨਾਂ ਨੇ ਵੀਹ-ਪੰਜੀਹ ਸਾਲ ਦਿਲਰੁਬਾ ਤੇ ਸਰੰਦਾ (ਤੰਤੀ ਸਾਜ਼) ਵਜਾਇਆ। ਆਪ ਨੇ ਕੁਝ ਸਮਾਂ ਭਾਈ ਸਮੁੰਦ ਸਿੰਘ ਜੀ ਨਾਲ ਵੀ ਦਿਲਰੁਬਾ ਤੇ ਸੰਗਤ ਕੀਤੀ। ਆਪ ਗੁਰਮੀਤ ਵਿਦਿਆਲਾ ਗੁ: ਰਕਾਬ ਗੰਜ ਦਿੱਲੀ ਦੇ ਪ੍ਰਿੰਸੀਪਲ ਰਹੇ ਅਤੇ ਚਾਲੀ ਸਾਲ ਗੁਰਬਾਣੀ ਤੇ ਕੀਰਤਨ ਸਿਖਾਉਣ ਦੀ ਸੇਵਾ ਕੀਤੀ।ਆਪ ਨੇ ਭਾਈ ਸਮੁੰਦ ਸਿੰਘ ਜੀ ਬਾਰੇ ਲਿਖੇ ਲੇਖ ਵਿੱਚ ਭਾਈ ਸਾਹਿਬ ਦੀ ਮਹਾਨਤਾ ਦੇ ਗੁਣ ਗਾਇਨ ਕੀਤੇ ਹਨ। ਆਪ ਲਿਖਦੇ ਹਨ – "ਭਾਈ ਸਮੁੰਦ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਭੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾਂ ਦੇ ਤਾਂ ਹੁਣ ਦਰਸ਼ਨ ਭੀ ਦੁਰਲੱਭ ਹਨ।" ਭਾਈ ਸਾਹਿਬ ਜੀ ਨਾਲ ਸਬੰਧਤ ਉਹ ਕੁਝ ਘਟਨਾਵਾਂ ਬਿਆਨ ਕਰਦੇ ਹਨ ਜਿਹਨਾਂ ਤੋਂ ਭਾਈ ਸਾਹਿਬ ਦੀ ਕੀਰਤਨੀ ਮਹਾਨਤਾ ਪ੍ਰਗਟ ਹੁੰਦੀ ਹੈ।ਪ੍ਰਿੰਸੀਪਲ ਸਾਹਿਬ ਲਿਖਦੇ ਹਨ- ਇਕ ਵੇਰ ਸੰਨ 1950 ਵਿੱਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਤੇ ਵੀ ਆਏ ਤਾਂ ਗੁ: ਸ੍ਰੀ ਰਕਾਬ ਗੰਜ ਵਿਖੇ ਰਾਤ ਦੇ ਦੀਵਾਨ ਵਿੱਚ "ਜੈ ਜੈ ਜਗ ਤਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥" (ਬਚਿੱਤ੍ਰ ਨਾਟਕ) ਦਾ ਛੰਦ, ਮਾਲਕੌਂਸ ਰਾਗ ਵਿੱਚ ਐਸੀ ਮਸਤੀ ਨਾਲ ਗਾਇਨ ਕੀਤਾ ਕਿ ਸਾਰੀ ਸੰਗਤ ਬੀਰ ਰਸ ਦੇ ਰੰਗ ਵਿੱਚ ਰੰਗੀ ਗਈ।ਇੱਕ ਵਾਰ ਉਹਨਾਂ ਨੇ ਪ੍ਰਿੰਸੀਪਲ ਦਿਆਲ ਸਿੰਘ ਜੀ ਨੂੰ ਆਪਣੇ ਕੀਰਤਨ ਅਭਿਆਸ ਬਾਰੇ ਦੱਸਿਆ-"ਭਾਈ ਦਿਆਲ ਸਿੰਘ ਜੀ, ਨਾ ਤਾਂ ਮੈਂ ਸੰਗੀਤਕ ਥਿਉਰੀ ਨੂੰ ਬਹੁਤਾ ਜਾਣਦਾ ਹਾਂ ਅਤੇ ਨਾ ਹੀ ਇਸ ਤਾਲ-ਬਧ ਸ੍ਵਰ-ਲਿਪੀ(ਨੁਟੇਸ਼ਨ) ਨੂੰ ਸਿੱਖਿਆ ਹੈ। ਮੈਂ ਤਾਂ ਕੇਵਲ ਗੁਰੂ ਕਾ ਕੀਰਤਨੀਆਂ ਹਾਂ। ਪਰ ਇੱਕ ਗੱਲ ਮੈਂ ਕਹਿ ਸਕਦਾ ਹਾਂ, ਕਿ ਜਿਨ੍ਹਾਂ ਰਾਗਾਂ ਨੂੰ ਮੈਂ ਗਾਇਨ ਕਰਦਾ ਹਾਂ, ਉਹਨਾਂ ਨੂੰ ਪਹਿਲਾਂ ਕਿਸੇ ਚੰਗੇ ਗਾਇਕ-ਵਾਦਕ ਤੋਂ ਜ਼ਰੂਰ ਸੁਣਦਾ ਹਾਂ। ਜਿਵੇਂ, ਰਾਗ ਲਲਿਤ, ਰਾਮਕਲੀ, ਅਹੀਰ ਭੈਰਉ, ਦੇਸੀ ਟੋਡੀ, ਸਿੰਧ ਭੈਰਵੀ, ਮੁਲਤਾਨੀ ਇਤਿਆਦਿ। ਕਿਉਂਕਿ ਜੇਕਰ ਅਸੀਂ ਰਾਗਾਂ ਨੂੰ ਸ਼ੁੱਧ ਰੂਪ ਵਿੱਚ ਨਹੀਂ ਗਾਵਾਂਗੇ ਤਾਂ ਚੰਗੇ ਸ੍ਰੋਤਿਆਂ ਤੇ ਸਾਡੀ ਗਾਇਕੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਇਸੇ ਕਰ ਕੇ ਮੈਂ ਉਨਾਂ ਪੁਰਾਤਨ ਸ਼ਬਦ ਰੀਤਾਂ ਨੂੰ ਅਕਸਰ ਨਹੀਂ ਗਾਉਂਦਾ, ਜਿਨ੍ਹਾਂ ਵਿੱਚ ਰਾਗ ਦਾ ਸਹੀ ਸਰੂਪ ਪ੍ਰਗਟ ਨਾ ਹੋਵੇ।" ਅਕਾਲ ਤਖਤ ਸਾਹਿਬ ਦੇ ਸਜੇ ਇੱਕ ਕੀਰਤਨ ਦਰਬਾਰ ਵਿੱਚ ਭਾਈ ਸਮੁੰਦ ਸਿੰਘ ਜੀ ਦੀ ਕੀਰਤਨ ਬਾਰੇ ਪ੍ਰਿੰਸੀਪਲ ਸਾਹਿਬ ਲਿਖਦੇ ਹਨ- "ਸੋਦਰ ਦੇ ਪਾਠ ਤੋਂ ਬਾਦ ਦੀਵਾਨ ਸਜਿਆ। ਭਾਈ ਸਾਹਿਬ ਨੇ ਛੋਟੀ ਤਿੰਨ ਤਾਲ ਵਿੱਚ ਕਲਿਆਨ ਰਾਗ ਦਾ "ਮੇਰੇ ਲਾਲਨ ਕੀ ਸੋਭਾ॥" ਗਾਉਣਾ ਆਰੰਭ ਕੀਤਾ, ਸ਼ਬਦ ਦਾ ਅਸਥਾਈ-ਅੰਤਰਾ ਗਾਉਣ ਤੋਂ ਬਾਦ ਪੂਰਵਾਂਗ ਦਾ ਅਲਾਪ ਕਰਦੇ ਹੋਏ ਫਿਰ ਅੰਤਰਾ ਚੁੱਕਿਆ। ਤੁਕ "ਜੋਗ ਗਿਆਨ ਧਿਆਨ ਸੇਖ ਨਾਗੈ॥" ਇਕ ਦੋ ਵਾਰ, ਤਾਰ-ਸਪਤਕ ਦਾ ਸ਼ੜਜ ਤੇ ਰਿਖਭ ਲਾਉਣ ਤੋਂ ਬਾਦ ਜਦੋਂ ਆਪ ਜੀ ਨੇ ਪੂਰੀ ਇਕਾਗਰਤਾ ਨਾਲ ਗੰਧਾਰ ਸੁਰ ਲਇਆ ਤਾਂ ਮੇਰੇ ਸਰੀਰ ਵਿੱਚ ਝਰਨਾਟ ਛਿੜ ਗਈ, ਪਰ ਮੈਂ ਕੁਝ ਸਮਝ ਨਹੀਂ ਸਕਿਆ। ਫਿਰ ਦੋ ਤਿੰਨ ਵਾਰ ਤੁਕ ਗਾਉਂਦੇ ਹੋਏ ਖੜਜ ਤੇ ਥੋੜ੍ਹਾ ਠਹਿਰ ਕੇ ਮੁੜ "ਨ ਰੰ ਗ" ਲਾਇਆ ਤਾਂ ਸੱਚ ਜਾਣੋਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ, ਬਿਜਲੀ ਨਾਲ ਛੂਹ ਗਿਆ ਹੋਵਾਂ। ਮੇਰੇ ਮੂੰਹ ਤੋਂ ਸੁਤੇ ਨਿਕਲਿਆ "ਵਾਹ"। ਉਦੋਂ ਮੈਨੂੰ ਅਨੁਭਵ ਹੋਇਆ ਕਿ ਰਾਗ ਦਾ ਵਾਦੀ ਸੁਰ ਕੀ ਮਹੱਤਵ ਰੱਖਦਾ ਹੈ।"

ਇੱਕ ਹੋਰ ਘਟਨਾ ਦਾ ਜ਼ਿਕਰ ਪ੍ਰਿੰਸੀਪਲ ਸਾਹਿਬ ਨੇ ਇੰਜ ਕੀਤਾ ਹੈ- "ਲਗ-ਭਗ 1966 ਦੀ ਗੱਲ ਹੈ ਜਦੋਂ ਭਾਈ ਅੰਗਦ ਸਿੰਘ, ਭਗਵੰਤ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜੀ, ਭਾਈ ਸੰਤਾ ਸਿੰਘ ਜੀ ਅਤੇ ਭਾਈ ਪ੍ਰਤਾਪ ਸਿੰਘ ਜੀ ਦੇ ਰਾਗੀ ਜੱਥਿਆਂ ਤੋਂ ਬਾਦ ਭਾਈ ਸਮੁੰਦ ਸਿੰਘ ਜੀ ਆਪਣੇ ਜੱਥੇ ਸਹਿਤ ਕੀਰਤਨ ਕਰਨ ਲਈ ਸਟੇਜ ਤੇ ਬੈਠੇ, ਤਾਂ ਉਸ ਸਮੇਂ ਗੁ: ਸੀਸ ਗੰਜ ਦੇ ਲਾਗੇ ਗਾਂਧੀ ਗਰਾਉਂਡ ਦਾ ਪੰਡਾਲ ਗੁਰੂ ਕੀਆਂ ਸੰਗਤਾਂ ਨਾਲ ਭਰਪੂਰ ਸੀ। ਭਾਈ ਸਾਹਿਬ ਨੇ ਬੜੇ ਇਕਾਗਰ ਮਨ ਨਾਲ ਪਹਿਲਾਂ ਰਾਗ ਕਲਾਵਤੀ ਵਿੱਚ ਡੰਡਉਤ ਬੰਦਨਾ ਕਰਕੇ ਨੌਵੇਂ ਪਾਤਸ਼ਾਹ ਦਾ "ਸਾਧੋ ਮਨ ਕਾ ਮਾਨੁ ਤਿਆਗਉ॥" ਗਾਉਣਾ ਆਰੰਭ ਕੀਤਾ। ਅਸਥਾਈ-ਅੰਤਰਾ ਗਾਉਣ ਦੇ ਨਾਲ ਵਿੱਚ ਵਿੱਚ ਅਲਾਪ ਭੀ ਕਰਦੇ ਰਹੇ। ਪਰ ਜਦੋਂ ਸ਼ਬਦ ਦੀ ਅੰਤਲੀ ਤੁਕ "ਜਨ ਨਾਨਕ ਇਹੁ ਖੇਲੁ ਕਠਨੁ ਹੈ" ਗਾਉਂਦੇ-ਗਾਉਂਦੇ ਐਸੇ ਰਸ ਮਗਨ ਹੋਏ ਅਤੇ ਉਸ ਦਾ ਸੰਗਤ ਤੇ ਕੀ ਪ੍ਰਭਾਵ ਪਇਆ, ਉਹ ਦ੍ਰਿਸ਼ ਵੇਖਣ ਵਾਲਾ ਸੀ। ਭਾਵ, ਜਦੋਂ ਆਪ ਜੀ ਖੱਬੇ ਹੱਥ ਮੂੰਹ ਕਰਕੇ ਸੁਰ ਲਾਉਂਦੇ ਤਾਂ ਸੰਗਤ ਖੱਬੇ ਹੋ ਜਾਵੇ ਅਤੇ ਜਦੋਂ ਸੱਜੇ ਮੂੰਹ ਕਰਦੇ ਤਾਂ ਸਭ ਦਾ ਮੂੰਹ ਸੱਜੇ ਹੋ ਜਾਂਦਾ ਸੀ। ਇਕ-ਦੋ ਮਿੰਟ ਇੰਜ ਹੀ ਹੁੰਦਾ ਰਿਹਾ, ਇਹ ਨਜ਼ਾਰਾ ਮੈਂ ਤੇ ਭਾਈ ਸੰਤ ਸਿੰਘ ਰਾਗੀ (ਅਮਰੀਕਾ) ਪ੍ਰਤੱਖ ਵੇਖ ਰਹੇ ਸਾਂ। ਫਿਰ ਭਾਈ ਸਾਹਿਬ ਥੋੜ੍ਹਾ ਰੁਕੇ ਅਤੇ ਕਿਹਾ ਸਾਧ ਸੰਗਤ ਜੀ ਰਾਗ ਗਾਉਣਾ ਭੀ ਔਖਾ

ਹੈ ਅਤੇ ਕੀਰਤਨ ਕਰਨਾ ਉਸ ਤੋਂ ਭੀ ਕਠਿਨ। ਸਿੱਖ ਤੇ ਗੁਰੂ ਦੀ ਕਿਰਪਾ ਹੋਵੇ ਤਾਂ ਗੁਰੂ ਕਾ ਜਸ ਗਾਇਨ ਹੁੰਦਾ ਹੈ ਨਹੀਂ ਤਾਂ ਨਹੀਂ। ਇੰਜ ਕਹਿੰਦੇ ਹੋਏ ਆਪ ਜੀ ਨੇ "ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂ ਗੁਰਮੁਖਿ ਜਾਨਾ॥" ਗਾਇਨ ਕਰ ਸ਼ਬਦ ਦੀ ਸਮਾਪਤੀ ਕੀਤੀ, ਤਾਂ ਸੰਗਤਾਂ ਅਤੇ ਰਾਗੀ ਸਿੰਘਾਂ ਨੇ ਮਾਇਆ ਦਾ ਮੀਂਹ ਵਰਸਾ ਦਿੱਤਾ।" ਗਿਆਨੀ ਚੇਤ ਸਿੰਘ ਜੀ ਜੋ ਕਾਫੀ ਸਮਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹੈਡ ਗ੍ਰੰਥੀ ਰਹੇ।ਉਹ ਪਹਿਲਾਂ ਗੁਜਰਾਂਵਾਲਾ ਵਿਖੇ ਵੀ ਹੈਡ ਗ੍ਰੰਥੀ ਦੀ ਸੇਵਾ ਨਿਭਾ ਚੁਕੇ ਸਨ ਆਪ ਨੂੰ ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਸੁਣਨ ਦਾ ਮੌਕਾ ਮਿਲਦਾ ਰਹਿੰਦਾ ਸੀ ਆਪ ਉਹਨਾਂ ਦੇ ਕੀਰਤਨ ਬਾਰੇ ਲਿਖਦੇ ਹਨ, "ਭਾਵੇਂ ਭਾਈ ਸਾਹਿਬ ਕਈ ਰਾਗਾਂ ਵਿੱਚ ਕੀਰਤਨ ਕਰਦੇ ਸਨ, ਪਰ ਉਹਨਾਂ ਦੀ ਸੋਰਠ ਰਾਗ ਗਾਇਣ ਕਰਨ ਬਹੁਤ ਪ੍ਰਸਿੱਧੀ ਸੀ। ਜਦੋਂ ਉਹ ਸੋਰਠ ਦੀ ਚੌਂਕੀ ਪਿਛੋਂ ਰਾਤ ਦੇ ਅੱਠ-ਨੌਂ ਵਜੇ ਕਦੇ (ਸੋਰਠ ਮਹਲਾ ਨੌਵਾਂ) "ਜੋ ਨਰੁ ਦੁਖੁ ਮੈ ਦੁਖੁ ਨਹੀ ਮਾਨੈ" ਜਾਂ (ਸੋਰਠ ਮਹਲਾ ਚੌਥਾ) 'ਸੋਰਠਿ ਤਾਮਿ ਸੁਹਾਵਣੀ', -ਇਹ ਸ਼ਬਦ ਪੜ੍ਹਦੇ ਸਨ ਤਾਂ ਕਮਾਲ ਕਰ ਦਿੰਦੇ ਸਨ। ਸਰੋਤਿਆਂ ਦੀਆਂ ਸਮਾਧੀਆਂ ਲਗ ਜਾਂਦੀਆਂ ਸਨ। ਇਸੇ ਲਈ ਚੌਂਕੀ ਨੂੰ ਸੁਨਣ ਵਾਸਤੇ ਦੂਰ ਦੂਰ ਤੋਂ ਸੰਗਤਾਂ ਉਚੇਚੀਆਂ ਹੁੰਮ ਹੁੰਮਾ ਕੇ ਆਉਂਦਆਂ ਸਨ ਅਤੇ ਭਾਈ ਸਾਹਿਬ ਦੀ ਰਸਨਾ ਤੋਂ ਰੱਬੀ ਬਾਣੀ ਦਾ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀਆਂ ਸਨ।-------ਭਾਈ ਸਾਹਿਬ ਸਿਰਫ ਕੀਰਤਨੀਏ ਹੀ ਨਹੀਂ ਸਨ ਬਲਕਿ ਇਕ ਮਹਾਨ ਉਚੇ ਜੀਵਨ ਵਾਲੇ ਪੂਰਨ ਨਿਤਨੇਮੀ ਗੁਰਸਿੱਖ ਭੀ ਸਨ। ਗੁਰੂ ਕਿਰਪਾ ਕਰੇ, ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਵਰਗੇ ਪੰਥ ਵਿਚ ਹੋਰ ਭੀ ਕੀਰਤਨੀਏ ਪੈਦਾ ਹੋਣ।" ਇਹ ਸਾਡੇ ਲਈ ਸੁਭਾਗ ਦੀ ਗੱਲ ਹੈ ਕਿ ਭਾਈ ਸਮੁੰਦ ਸਿੰਘ ਜੀ ਦੀ ਕਾਫੀ ਰਿਕਾਰਡਿੰਗ ਹੁਣ ਸੁਰੱਖਿਅਤ ਹੈ। ਇਸ ਨੂੰ ਯੂ ਟਿਊਬ ਤੇ ਅਤੇ ਅਨੇਕਾਂ ਸੀ ਡੀਜ਼ ਜੀ ਰਾਹੀਂ ਸੁਣਿਆ ਜਾ ਸਕਦਾ ਹੈ। ਪ੍ਰੋਫੈਸਰ ਪਰਮਜੋਤ ਸਿੰਘ ਹੋਰਾਂ ਨੇ ਇਹਨਾਂ ਰਿਕਾਰਡ ਕੀਤੀਆਂ ਸ਼ਬਦ ਰੀਤਾਂ ਨੂੰ ਸੰਗੀਤ ਲਿਪੀ ਬੱਧ ਕਰਕੇ ਪੁਸਤਕ 'ਸਮੁੰਦ ਸਾਗਰ' ਵਿੱਚ ਪ੍ਰਕਾਸ਼ਿਤ ਕਰ ਦਿੱਤਾ ਹੈ ਇਸ ਤੋਂ ਨੌਜੁਆਨ ਕੀਰਤਨੀਏ ਅਤੇ ਵਿਦਿਆਰਥੀ ਵਿਦਿਆਰਥੀ ਅਗਵਾਈ ਪ੍ਰਾਪਤ ਕਰ ਸਕਦੇ ਹਨ। ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਜਿਥੇ ਗੁਰੂ ਗ੍ਰੰਥ ਸਾਹਿਬ ਦਰਜ ਰਾਗਾਂ ਦਾ ਗਾਇਨ ਕਰਦੇ ਸਨ ਉਥੇ ਹੋਰ ਪ੍ਰਚਲਤ ਅਤੇ ਅਪ੍ਰਚਲਤ ਰਾਗਾਂ ਦਾ ਵੀ ਗਾਇਨ ਕਰਦੇ ਸਨ। ਉਹ ਕੁਝ ਰੀਤਾਂ ਦਾ ਗਾਇਨ ਵੀ ਕਰਦੇ ਸਨ। ਤਾਲਾਂ ਵਿੱਚ ਉਹ ਦਾਦਰਾ, ਕਹਿਰਵਾ, ਛੋਟਾ ਤਿੰਨ ਤਾਲ, ਦੀਪਚੰਦੀ, ਤਿੰਨਤਾਲ, ਸੂਲਫਾਕਤਾ ਆਦਿ ਤਾਲਾਂ ਦਾ ਪ੍ਰਯੋਗ ਕਰਦੇ ਸਨ। ਜਿਹੜੇ ਰਾਗਾਂ ਦਾ ਉਹਨਾਂ ਦੀਆਂ ਰੀਤਾਂ ਵਿੱਚ ਪ੍ਰਯੋਗ ਹੋਇਆ ਉਹਨਾਂ ਦੇ ਨਾਮ ਹਨ-ਆਸਾ,ਮਾਡ,ਆਸਾਵਰੀ,ਭੈਰਉ, ਭੈਰਵ ਬਹਾਰ,ਅਹੀਰ ਭੈਰਵ,ਜੋਗੀਆ,ਭੈਰਵੀ, ਸਿੰਧ ਭੈਰਵੀ, ਬਿਲਾਵਲ, ਅਲਈਆ ਬਿਲਾਵਲ, ਪ੍ਰਭਾਤੀ, ਸੋਰਠ, ਕਲਿਆਣ, ਸ਼ੁਧ ਕਲਿਆਣ, ਭੁਪਾਲੀ, ਕਾਨੜਾ, ਬਹਾਰ ਕਾਨੜਾ, ਦਰਬਾਰੀ ਕਾਨੜਾ, ਖਮਾਜ, ਦੇਸੀ, ਭਟਿਆਰ, ਪਟਦੀਪ, ਸਾਰੰਗ, ਪੀਲੂ, ਬਿਹਾਗ, ਬਹਾਰ, ਹਮੀਰ, ਸਿਰੀ ਰਾਗ, ਬਸੰਤ ਪੂਰਬੀ, ਬਸੰਤ ਹਿੰਡੋਲ, ਟੋਡੀ, ਕਾਫੀ, ਪਹਾੜੀ, ਕੇਦਾਰਾ, ਮਧੁਵੰਤੀ, ਚੰਦ੍ਰਕੌਸ, ਮਾਰਵਾ, ਦੇਵਗੰਧਾਰ, ਧਾਨੀ, ਹੇਮੰਤ, ਛਾਇਆਨਟ, ਦੇਸਕਾਰ, ਪੂਰੀਆ ਧਨਾਸਰੀ, ਮਾਲਕੌਂਸ, ਤਿਲੰਗ, ਝਿੰਝੋਟੀ, ਰਾਮਕਲੀ, ਗੂਜਰੀ, ਬੈਰਾੜੀ, ਮਾਝ ਆਦਿ। ਜਦੋਂ ਕਦੀ ਵੀ ਮਿਆਰੀ ਕੀਰਤਨ ਦੀ ਗੱਲ ਤੁਰੇਗੀ ਤਾਂ ਭਾਈ ਸਮੁੰਦ ਸਿੰਘ ਜੀ ਨੂੰ ਆਦਰ ਨਾਲ ਯਾਦ ਕੀਤਾ ਜਾਵੇਗਾ। ਇਸ ਲੇਖ ਦਾ ਅੰਤ ਅਸੀਂ ਪ੍ਰਿੰਸੀਪਲ ਦਿਆਲ ਸਿੰਘ ਜੀ ਦੇ ਸ਼ਬਦਾਂ ਨਾਲ ਕਰਦੇ ਹਾਂ- ਭਾਈ ਸਮੁੰਦ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਭੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾਂ ਦੇ ਤਾਂ ਹੁਣ ਦਰਸ਼ਨ ਭੀ ਦੁਰਲੱਭ ਹਨ। ਐਸੇ ਜੀਵਨ ਵਾਲੇ ਗੁਰਸਿੱਖਾਂ ਲਈ ਤਾਂ ਇਹੁ ਕਹਿਣਾ ਬਣਦਾ ਹੈ:-

ਸਫਲ ਸਫਲ ਭਈ, ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥

*(ਸਮਾਪਤ)*

---

# ਗੁਰਮਤਿ ਸੰਗੀਤ ਵਿਚ ਰਾਗ ਗੋਂਡ

***ਡਾ. ਗੁਰਨਾਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਦੇ ਅੰਤਰਗਤ ਗੋਂਡ ਰਾਗ ਨੂੰ ਸਤਾਰਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ। ਇਹ ਭਾਰਤੀ ਸੰਗੀਤ ਦਾ ਇਕ ਪ੍ਰਾਚੀਨ ਅਤੇ ਅਪ੍ਰਚਲਿਤ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਨੂੰ ਗੋਂਡ, ਗੌਡ ਅਤੇ ਗੌਂਡ ਨਾਵਾਂ ਨਾਲ ਅੰਕਿਤ ਕੀਤਾ ਗਿਆ ਹੈ। ਗੋਂਡ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਦੇ ਛੇ ਪਦੇ ਅਤੇ ਗੁਰੂ ਅਰਜਨ ਦੇਵ ਜੀ 22 ਪਦੇ ਤੇ ਇਕ ਅਸ਼ਟਪਦੀਆਂ ਅੰਕਿਤ ਹਨ। ਇਸ ਤੋਂ ਬਿਨਾਂ ਭਗਤ ਕਬੀਰ ਗਿਆਰਾਂ ਪਦੇ, ਭਗਤ ਨਾਮਦੇਵ ਜੀ ਦੇ ਸਤ ਪਦੇ ਅਤੇ ਭਗਤ ਰਵਿਦਾਸ ਜੀ ਦੇ ਦੋ ਪਦੇ ਬਾਣੀ ਵਿਚ ਇਸ ਰਾਗ ਦੇ ਅੰਤਰਗਤ ਦਰਜ ਹੈ।

ਪ੍ਰੋ. ਪਿਆਰਾ ਸਿੰਘ ਪਦਮ ਗੋਂਡ ਰਾਗ ਸਬੰਧੀ ਲਿਖਦੇ ਹਨ ਕਿ ਇਸ ਰਾਗ ਵਿਚ ਧਨਾਸਰੀ, ਮਲਾਰ ਅਤੇ ਬਿਲਾਵਲ ਰਾਗਾਂ ਦਾ ਮਿਸ਼ਰਣ ਹੈ। ਪ੍ਰਿੰਸੀਪਲ ਸਤਬੀਰ ਸਿੰਘ ਇਸ ਰਾਗ ਦੇ ਗਾਇਨ ਸਬੰਧੀ ਵਿਚਾਰ ਹੈ ਕਿ ਗੋਂਡ ਰਾਗ ਦਾ ਗਾਇਨ ਸਮਾਂ ਵੈਸੇ ਤਾਂ ਅੱਧੀ ਰਾਤ ਦਾ, ਪਰ ਬਾਰਿਸ਼ ਦੇ ਮੌਸਮ ਵਿਚ ਹਰ ਸਮੇਂ ਗਾਇਆ ਜਾ ਸਕਦਾ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਇਹ ਸੰਪੂਰਨ ਜਾਤੀ ਦਾ ਰਾਗ ਹੈ ਜਿਸ ਵਿਚ ਸ਼ੜਜ, ਰਿਸ਼ਭ, ਮਧਿਅਮ, ਪੰਚਮ ਅਤੇ ਨਿਸ਼ਾਦ ਸ਼ੁੱਧ ਅਤੇ ਗੰਧਾਰ, ਧੈਵਤ ਕੋਮਲ ਲਗਦੇ ਹਨ। ਇਸ ਦਾ ਵਾਦੀ ਪੰਚਮ, ਸੰਵਾਦੀ ਮਧਿਅਮ ਅਤੇ ਗਾਉਣ ਦਾ ਸਮਾਂ ਦੁਪਹਿਰ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥ 'ਸੰਗੀਤ ਰਤਨਾਕਰ' ਦੇ ਪੰਨਾ ੬ 'ਤੇ ਇਸ ਰਾਗ ਨੂੰ ਰਾਗਾਂਗ ਰਾਗ ਦਰਸਾਇਆ ਗਿਆ ਹੈ।

ਗੋਂਡ ਰਾਗ ਪ੍ਰਾਚੀਨ ਰਾਗ ਹੋਣ ਕਰਕੇ ਇਸ ਦੇ ਕਈ ਸਰੂਪ ਮਿਲਦੇ ਹਨ। ਕਈ ਵਿਦਵਾਨ ਇਸ ਰਾਗ ਨੂੰ ਕਾਫੀ ਥਾਟ ਅਤੇ ਕਈ ਇਸ ਨੂੰ ਬਿਲਾਵਲ ਥਾਟ ਜਨਯ ਰਾਗ ਰਾਗ ਮੰਨਦੇ ਹਨ। ਆਧੁਨਿਕ ਭਾਰਤੀ ਸੰਗੀਤ ਦੇ ਨਵ-ਨਿਰਮਾਤਾ ਪੰ. ਵਿਸ਼ਣੂ ਨਾਰਾਇਣ ਭਾਤਖੰਡੇ ਗੋਂਡ ਰਾਗ ਬਾਰੇ ਆਪਣੇ ਗ੍ਰੰਥ ਵਿਚ ਲਿਖਦੇ ਹਨ ਗੋਂਡ ਇਕ ਕਾਫ਼ੀ ਥਾਟ ਤੋਂ ਉਤਪੰਨ ਹੋਣ ਵਾਲਾ ਅਪ੍ਰਸਿੱਧ ਰੂਪ ਹੈ। ਇਸ ਰਾਗ ਦੇ ਪੂਰਵਾਂਗ ਵਿਚ ਕਾਨੜਾ ਅਤੇ ਉਤਰਾਂਗ ਵਿਚ ਮਲਾਰ ਦਾ ਮਿਸ਼ਰਣ ਹੈ।ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਦਾ ਗਾਇਨ ਸਮਾਂ ਰਾਗ ਦਾ ਅੰਤਿਮ ਪਹਿਰ ਹੈ। ਇਸ ਦਾ ਚਲਨ ਰਿਸ਼ਭ ਗੰਧਾਰ (ਕੋਮਲ) ਰਿਸ਼ਭ ਮਧਿਅਮ ਗੰਧਾਰ (ਕੋਮਲ) ਰਿਸ਼ਭ ਸ਼ੜਜ ਮੰਨਿਆ ਹੈ।

ਕੁਝ ਵਿਦਵਾਨ ਗੋਂਡ ਰਾਗ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਨੂੰ ਸਵੀਕਾਰਦੇ ਹੋਏ ਉਸ ਦੇ ਚਲਨ ਵਿਚ ਥੋੜਾ ਵਖਰੇਵਾਂ ਮੰਨਦੇ ਹਨ, ਮਧਿਅਮ ਪੰਚਮ, ਧੈਵਤ ਸ਼ੜਜ (ਤਾਰ ਸਪਤਕ), ਧੈਵਤ ਰਿਸ਼ਭ (ਤਾਰ ਸਪਤਕ), ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਗੰਧਾਰ (ਕੋਮਲ) (ਅੰਦੋਲਿਤ), ਮਧਿਅਮ ਰਿਸ਼ਭ, ਸ਼ੜਜ ਨਿਸ਼ਾਦ (ਮੰਦਰ ਸਪਤਕ) ਸ਼ੜਜ।

ਗੁਰਮਤਿ ਸੰਗੀਤ ਵਿਚ ਸਿੱਖ ਰਬਾਬੀ ਕੀਰਤਨੀਆਂ ਅਤੇ ਵਿਦਵਾਨਾਂ ਨੇ ਗੋਂਡ ਰਾਗ ਨੂੰ ਬਿਲਾਵਲ ਥਾਟ ਅਧੀਨ ਸਵੀਕਾਰਿਆ ਹੈ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਤੇ ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਸਰੂਪ ਨੂੰ ਹੀ ਪ੍ਰਵਾਨ ਕੀਤਾ ਹੈ। ਇਸ ਸਰੂਪ ਵਿਚ ਰਾਗ ਦੀ ਜਾਤੀ ਸੰਪੂਰਨ ਮੰਨੀ ਗਈ ਹੈ। ਇਸ ਦਾ ਵਾਦੀ ਸ਼ੜਜ ਸੰਵਾਦੀ ਮਧਿਅਮ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਮੰਨਿਆ ਗਿਆ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ, ਪੰਚਮ ਧੈਵਤ ਨਿਸ਼ਾਦ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਮਧਿਅਮ ਗੰਧਾਰ, ਰਿਸ਼ਭ ਸ਼ੜਜ; ਮੁੱਖ ਅੰਗ

: ਰਿਸ਼ਭ ਗੰਧਾਰ ਮਧਿਅਮ, ਪੰਚਮ ਮਧਿਅਮ, ਮਧਿਅਮ ਪੰਚਮ ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਧੈਵਤ ਮਧਿਅਮ ਗੰਧਾਰ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦੇ ਰਾਗ ਪ੍ਰਬੰਧ ਵਿਚ ਰਾਗ ਗੋਂਡ ਦੇ ਅਧੀਨ ਹੀ ਇਕ ਹੋਰ ਰਾਗ ਪ੍ਰਕਾਰ "ਬਿਲਾਵਲ ਗੋਂਡ" ਦਰਜ ਹੈ। ਇਸ ਰਾਗ ਨੂੰ ਵੀ ਅਪ੍ਰਚਲਿਤ ਅਤੇ ਅਪ੍ਰਸਿੱਧ ਰਾਗਾਂ ਦੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ। ਇਸ ਰਾਗ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਦੇ ਰਾਗਾਂ, ਬਿਲਾਵਲ ਅਤੇ ਗੋਂਡ ਰਾਗ ਦੀਆਂ ਮਧੁਰ ਸੁਰਾਵਲੀਆਂ ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਭਾਰਤੀ ਸੰਗੀਤ ਪੱਧਤੀ ਦੇ ਹੋਰ ਕਿਸੇ ਗ੍ਰੰਥ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ।ਬਿਲਾਵਲ ਗੌਂਡ ਗੁਰਮਤਿ ਸੰਗੀਤ ਦਾ ਮਿਸ਼ਰਿਤ ਰਾਗ ਹੈ ਜਿਸ ਨੂੰ ਬਿਲਾਵਲ ਅਤੇ ਗੌਂਡ ਦੋਹਾਂ ਦੇ ਸੁਮੇਲ ਦੁਆਰਾ ਗਾਉਣ ਦੀ ਪ੍ਰਥਾ ਹੈ। ਇਹ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ। ਇਸ ਰਾਗ ਦਾ ਸਰੂਪ ਅਸੀਂ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਨਿਆਮਤ ਖਾਂ ਸਦਾ ਰੰਗ ਦੇ ਇਕ ਖਿਆਲ ਦੇ ਆਧਾਰ ਤੇ ਨਿਰਧਾਰਿਤ ਕੀਤਾ ਹੈ। ਇਹ ਖਿਆਲ ਬੰਦਿਸ਼ ਗਵਾਲੀਅਰ ਘਰਾਣੇ ਦੇ ਪ੍ਰਸਿੱਧ ਗਾਇਕ ਪੰਡਿਤ ਸਦਾ ਸ਼ਿਵ (ਪੰਡਿਤ ਵਿਸ਼ਣੂ ਦਿਗੰਬਰ ਪਲੁਸਕਰ ਦੇ ਗੁਰੂ ਭਾਈ) ਰਚਿਤ ਪੁਸਤਕ ਭਾਰਤੀਯ ਸੰਗੀਤ ਮਾਲਾ ਭਾਗ-ਦੂਜਾ ਦੇ ਪੰਨਾ 88-89 ਤੇ ਸੁਰ ਲਿਪੀ ਸਹਿਤ ਅੰਕਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਭਗਤ ਨਾਮਦੇਵ ਜੀ ਦਾ ਇਕ ਸ਼ਬਦ ਪੰਨਾ ੮੭੪-੭੫ ਉਪਰ ਅੰਕਿਤ ਹੈ। ਰਾਗ ਗੋਂਡ ਬਿਲਾਵਲ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਦੀ ਜਾਤੀ ਵਕਰ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਧੈਵਤ ਮੰਨਿਆ ਜਾਂਦਾ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਬਿਲਾਵਲ ਗੋਂਡ ਦੇ ਇਕ ਹੋਰ ਸਰੂਪ ਨੂੰ ਥਾਟ ਬਿਲਾਵਲ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਸੁਰ ਸਾਰੇ ਸ਼ੁੱਧ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੀ ਜਾਤੀ ਵਰਕ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ, ਅਤੇ ਸੰਵਾਦੀ ਧੈਵਤ ਮੰਨਿਆ ਜਾਂਦਾ ਹੈ। ਇਸ ਰਾਗ ਨੂੰ ਦਿਨ ਦੇ ਦੂਜੇ ਪਹਿਰ ਗਾਇਆ ਵਜਾਇਆ ਜਾਂਦਾ ਹੈ। ਰਾਗ ਨਿਰਨਾਇਕ ਕਮੇਟੀ ਨੇ ਰਾਗ ਬਿਲਾਵਲ ਗੋਂਡ ਦਾ ਸਰੂਪ ਇਸ ਤਰਾਂ ਪ੍ਰਵਾਨ ਕੀਤਾ ਹੈ ਜਿਸ ਅਨੁਸਾਰ ਰਾਗ ਦੀ ਉਤਪਤੀ ਥਾਟ ਬਿਲਾਵਲ ਤੋਂ ਮੰਨੀ ਗਈ ਹੈ। ਇਸ ਦੀ ਜਾਤੀ ਵਕਰ ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ, ਸੰਵਾਦੀ ਸੁਰ ਧੈਵਤ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਮਧਿਅਮ ਗੰਧਾਰ ਰਿਸ਼ਭ ਮਧਿਅਮ ਗੰਧਾਰ, ਪੰਚਮ ਰਿਸ਼ਭ ਸ਼ੜਜ; ਮੁੱਖ ਅੰਗ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਗੰਧਾਰ ਰਿਸ਼ਭ ਮਧਿਅਮ ਗੰਧਾਰ, ਪੰਚਮ ਰਿਸ਼ਭ ਸ਼ੜਜ ਪ੍ਰਵਾਨ ਕੀਤਾ।

ਉਕਤ ਰਾਗਾਂ ਦੇ ਅਧੀਨ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਸੰਤ ਸਰਵਣ ਸਿੰਘ *ਗੰਧਰਵ,* ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਵੈਬਸਾਈਟਸ ਤੇ ਸੁਣ ਸਕਦੇ ਹਾਂ।

*ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਆਦਰਸ਼ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ

• ਡਾ. ਕੰਵਲਜੀਤ ਸਿੰਘ

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਉਸਤਾਦ ਸੰਗੀਤਕਾਰ ਵਿਦਵਾਨਾਂ ਦੀ ਨਿੱਜੀ ਪ੍ਰਤਿਭਾ, ਗਿਆਨ, ਰਿਆਜ਼ ਤੇ ਪਰੰਪਰਾ ਦੇ ਯੋਗਦਾਨ ਸਦਕਾ ਹੀ ਭਾਰਤੀ ਸੰਗੀਤ ਦੀ ਵਿਸ਼ਵ ਸੰਗੀਤ ਵਿਚ ਮੌਲਿਕ ਵਿਸ਼ੇਸ਼ ਤੇ ਵਿਆਪਕ ਪਛਾਣ ਸਥਾਪਤ ਹੋਈ ਹੈ। ਭਾਰਤੀ ਸੰਗੀਤ ਦੀ ਹਿੰਦੁਸਤਾਨੀ ਤੇ ਕਰਨਾਟਕੀ ਸੰਗੀਤ ਪੱਧਤੀਆਂ ਦੇ ਰੂਪ ਵਿਚ ਸੁਤੰਤਰ ਪਛਾਣ ਸਥਾਪਤ ਕਰਨ ਵਿਚ ਸਥਾਨਿਕ ਸੰਗੀਤ ਸ਼ਾਸਤਰੀਆਂ ਦੀ ਘਾਲਣਾ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਰਾਗਾਂ ਦੇ ਨਵਸਰੂਪਾਂ, ਗਾਇਨ ਤੇ ਵਾਦਨ ਸ਼ੈਲੀਆਂ, ਸਾਜ਼ਾਂ ਦੀ ਵਾਦਨ ਵਿਧੀ ਅਤੇ ਬਣਤਰ ਦੇ ਆਧਾਰ 'ਤੇ ਪ੍ਰਚੱਲਿਤ ਵਿਭਿੰਨ ਆਕਾਰਾਂ ਤੇ ਪ੍ਰਕਾਰਾਂ ਦੇ ਪ੍ਰਚਾਰ ਵਿਚ ਸਬੰਧਤ ਸੰਗੀਤਕਾਰਾਂ ਦੇ ਨਿੱਜੀ ਯਤਨ ਤੇ ਤਜ਼ਰਬੇ ਕਾਰਗਰ ਸਾਬਤ ਹੋਏ ਹਨ। ਕਲਾ ਦੀ ਉੱਨਤੀ ਲਈ ਸਮਕਾਲੀਨ ਸ਼ਾਸਕਾਂ ਦੇ ਰਾਜ ਦਰਬਾਰਾਂ ਅਤੇ ਪ੍ਰਬੰਧਕੀ ਢਾਂਚੇ ਵਿਚ ਕਾਰਜਸ਼ੀਲ ਸ਼ਖ਼ਸ਼ੀਅਤਾਂ ਦੀ ਸਰਪ੍ਰਸਤੀ ਵਿਸ਼ੇਸ਼ ਸਹਾਇਕ ਸਿੱਧ ਹੁੰਦੀ ਹੈ। ਕਲਾ ਵਿਚ ਪਾਰੰਗਤ ਹੋਣ ਦੇ ਨਾਲ ਨਾਲ ਉਚ ਪ੍ਰਬੰਧਕੀ ਗੁਣਾਂ ਦੇ ਧਾਰਣੀ ਸੰਗੀਤਕਾਰਾਂ ਦੁਆਰਾ ਆਪਨੇ ਬੁਧੀਬਲ ਦੁਆਰਾ ਰਾਜ ਦਰਬਾਰ ਵਿਚ ਸੰਗੀਤ ਨੂੰ ਵਿਸ਼ੇਸ਼ ਸਥਾਨ ਦੁਆ ਕੇ ਜਿਥੇ ਭਾਰਤੀ ਸੰਗੀਤ ਨੰ ਪ੍ਰਤਿਸ਼ਠਾ ਦੀ ਚਰਮ ਸੀਮਾਂ 'ਤੇ ਪਹੁੰਚਾਇਆ ਉਥੇ ਪਰੰਪਰਾ 'ਤੇ ਆਪਨੀ ਅਮਿੱਟ ਛਾਪ ਵੀ ਛੱਡੀ। ਡਾ. ਗੁਰਨਾਮ ਸਿੰਘ ਦੀ ਸ਼ਖ਼ਸ਼ੀਅਤ ਇੰਨਾਂ ਸਾਰੇ ਗੁਣਾਂ ਦਾ ਮੁਜੱਸਮਾ ਹੈ। ਆਪ ਨੇ ਘਰਾਣੇਦਾਰ ਸਾਸਤਰੀ ਗਾਇਨ ਦੇ ਨਾਲ ਨਾਲ ਪੰਜਾਬ ਦੀ ਲੋਕ ਸੰਗੀਤ ਵਿਰਾਸਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤ ਵਿਧਾਨ ਅਨੁਸਾਰੀ ਗੁਰਮਤਿ ਸੰਗੀਤ ਦੇ ਅਕਾਦਮਿਕ ਪੱਧਰ 'ਤੇ ਪ੍ਰਸਾਰ ਵਿਚ ਸਾਰਾ ਜੀਵਨ ਸਮਰਪਿਤ ਕਰਦਿਆਂ ਪੰਜਾਬ ਦੀ ਸੰਗੀਤ ਪਰੰਪਰਾ ਤੇ ਸੰਗੀਤਕਾਰਾਂ ਦਾ ਰਾਹ ਰੁਸ਼ਨਾਇਆ ਹੈ। ਡਾ. ਗੁਰਨਾਮ ਸਿੰਘ ਦੇ ਯਤਨਾਂ ਸਦਕਾ ਪੰਜਾਬੀ ਸੰਗੀਤਕਾਰਾਂ ਨੂੰ ਮੰਚ ਪ੍ਰਦਾਨ ਕਰਨ, ਸ਼ਾਸਤਰੀ ਗਾਇਨ ਵਾਦਨ, ਗੁਰਮਤਿ ਸੰਗੀਤ ਦੀਆਂ ਗਾਇਨ ਵਾਦਨ ਸ਼ੈਲੀਆਂ ਵਿਚ ਪ੍ਰਯੋਗ ਹੋਣ ਵਾਲੇ ਸ਼ਾਸਤਰੀ ਰਾਗਾਂ, ਤਾਲਾਂ ਤੇ ਸਾਜ਼ਾਂ ਨੂੰ ਸਰਪ੍ਰਸਤੀ ਪ੍ਰਦਾਨ ਕਰਦਿਆਂ, ਇਨ੍ਹਾਂ ਦੀ ਵਿਸ਼ਵ ਪੱਧਰੀ ਪਛਾਣ ਉਜਾਗਰ ਕਰਨ ਹਿਤ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ।

ਵਰਤਮਾਨ ਸਮੇਂ ਪੰਜਾਬ ਦੀ ਸੰਗੀਤ ਪਰੰਪਰਾ ਦੀ ਵਿਸ਼ਵ ਵਿਆਪੀ ਨਵ ਪਛਾਣ ਬਨਾਉਣ ਅਤੇ ਭਾਰਤੀ ਸੰਗੀਤ ਦੇ ਕੈਨਵਸ 'ਤੇ ਇਸ ਨੂੰ ਬਣਦਾ ਸਨਮਾਨ ਦਿਵਾਉਣ ਦੇ ਯਤਨਾਂ ਵਿਚ ਆਧੁਨਿਕ ਭਾਰਤ ਦੇ ਮਹਾਨ ਸੰਗੀਤ ਸ਼ਾਸਤਰੀ, ਵਾਗਿਆਕਾਰ, ਪ੍ਰਸਾਰ ਭਾਰਤੀ ਤੋਂ 'ਏ ਗ੍ਰੇਡ' ਕਲਾਕਾਰ ਤੇ ਉੱਚ ਪ੍ਰਬੰਧਕੀ ਸਮਰੱਥਾ ਰੱਖਣ ਵਾਲੇ ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪਛਾਣ ਵਿਸ਼ਵਭਰ ਵਿਚ ਕਿਸੇ ਤਸ਼ਬੀਹ, ਟਿੱਪਣੀ ਜਾਂ ਅਨੁਮੋਦਨ ਦੀ ਮੁਹਤਾਜ ਨਹੀਂ ਹੈ। ਆਪ ਨੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ, ਪੰਜਾਬੀ ਸ਼ਾਸਤਰੀ ਸੰਗੀਤ ਸੰਗੀਤ

ਅਤੇ ਲੋਕ ਸੰਗੀਤ ਦੇ ਨਾਲ ਨਾਲ ਪੰਜਾਬ ਦੀ ਮੌਲਿਕ ਅਧਿਆਤਮਿਕ ਪਰੰਪਰਾ ਗੁਰਮਤਿ ਸੰਗੀਤ ਦੀ ਵਿਸ਼ਵ ਪੱਧਰੀ ਨਵ ਪਛਾਣ ਸਥਾਪਤ ਕਰਨ ਵਿਚ ਆਪਨੀਆਂ ਪੇਸ਼ਕਾਰੀਆਂ, ਰਿਸਰਚ ਆਰਟੀਕਲਾਂ, ਪੁਸਤਕਾਂ, ਆਡੀਓ-ਵੀਡੀਓ ਰਿਕਾਰਡਿੰਗਾਂ ਅਤੇ ਸ਼ਿਸ਼ ਪਰੰਪਰਾ ਦੁਆਰਾ ਨਿੱਘਰ ਯੋਗਦਾਨ ਪਾਇਆ ਹੈ।

ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੀਆਂ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦੇ ਹੋਏ ਪੰਜਾਬੀ ਸ਼ਾਸਤਰੀ ਸੰਗੀਤਕਾਰਾਂ ਲਈ ਸਨਮਾਨਯੋਗ ਮੰਚ ਪ੍ਰਦਾਨ ਕਰਨ, ਸੰਗੀਤ ਸ਼ਾਸਤਰੀਆਂ ਅਤੇ ਕਲਾਕਾਰਾਂ ਨੂੰ ਸਰਕਾਰੇ-ਦਰਬਾਰੇ ਸਨਮਾਨਜਨਕ ਰੁਤਬਾ ਦਿਵਾਉਣ ਵਿਚ ਡਾ. ਗੁਰਨਾਮ ਸਿੰਘ ਦੀ ਘਾਲਣਾ ਦਾ ਵਡੇਰਾ ਯੋਗਦਾਨ ਹੈ, ਜਿਸਦੇ ਫਲਸਰੂਪ ਅੱਜ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ, ਸਿਖਿਆ ਬੋਰਡ ਅਤੇ ਵਿਦਿਅਕ ਆਦਾਰਿਆਂ ਆਪਨੇ ਪਾਠਕ੍ਰਮਾਂ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਰਾਖਵਾਂ ਸਥਾਨ ਦੇ ਰਹੇ ਹਨ। ਪੰਜਾਬ ਸਰਕਾਰ ਦੇ ਰਾਜ ਸਨਮਾਨ ਅਤੇ ਸੰਗੀਤ ਨਾਟਕ ਅਕੈਡਮੀ ਦੁਆਰ ਸੀਨੀਅਰ ਫੈਲੋਸ਼ਿਪ ਪ੍ਰਾਪਤ ਕਰਨ ਵਾਲੇ ਡਾ. ਗੁਰਨਾਮ ਸਿੰਘ ਨੇ ਪੰਜਾਬ ਅਤੇ ਭਾਰਤ ਹੀ ਨਹੀਂ ਸਗੋਂ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿਚ ਪੰਜਾਬੀ ਸੰਗੀਤ ਪਰੰਪਰਾ ਦੀਆਂ ਵੱਖ ਵੱਖ ਵੰਨਗੀਆਂ ਦਾ ਪ੍ਰਚਾਰ ਕਰਦਿਆਂ ਹਿੰਦੁਸਤਾਨੀ ਸੰਗੀਤ ਦੀ ਆਭਾ ਵਿਚ ਵਰਨਣਯੋਗ ਵਾਧਾ ਕੀਤਾ ਹੈ। ਵਰਮਾਨ ਸਮੇਂ ਆਪ ਹੋਫਸਟਰਾ ਯੂਨੀਵਰਸਿਟੀ, ਨਿਊ ਯਾਰਕ, ਅਮਰੀਕਾ ਵਿਖੇ ਵਿਜ਼ੀਟਿੰਗ ਫੈਲੋ ਵਜੋਂ ਅਧਿਆਪਨ ਕਰਵਾਉਣ ਦੇ ਨਾਲ ਨਾਲ ਆਪਨੀਆ ਪੇਸ਼ਕਾਰੀਆਂ ਨਾਲ ਹਿੰਦੁਸਤਾਨੀ ਤੇ ਗੁਰਮਤਿ ਸੰਗੀਤ ਦੇ ਪਰਚਾਰ ਪ੍ਰਸਾਰ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਆਪ ਵਲੋਂ ਪੱਛਮੀ ਸੰਗੀਤਕਾਰਾਂ ਨੂੰ ਪੰਜਾਬ ਦੀ ਸੰਗੀਤ ਪਰੰਪਰਾ ਨਾਲ ਜੁੜੇ ਰਾਗਾਂ ਅਧੀਨ ਵਾਦਨ ਤਿਆਰ ਕਰਵਾ ਕੇ ਵਿਸ਼ਵ ਸੰਗੀਤ ਨੂੰ ਨਵੇਂ ਮਾਰਗ ਵਲੋ ਤੋਰਨ ਦਾ ਕਾਰਜ ਕੀਤਾ ਜਾ ਰਿਹਾ ਹੈ।

ਸਿਖਿਆ : ਗੁਰਮਤਿ ਸੰਗੀਤ ਦੇ ਸਤਿਕਾਰਤ ਕੀਰਤਨੀਏ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ ਤੇ ਮਾਤਾ ਦੇ ਘਰ 17 ਅਪ੍ਰੈਲ 1959 ਨੂੰ ਹੋਇਆ। ਸੰਗੀਤ ਦੀ ਮੁਢਲੀ ਸਿਖਿਆ ਆਪ ਨੇ ਆਪਨੇ ਪਿਤਾ ਤੋਂ ਪ੍ਰਾਪਤ ਕੀਤੀ। ਵਡੇ ਭਰਾਤਾ ਡਾ. ਜਾਗੀਰ ਸਿੰਘ ਅਤੇ ਡਾ. ਬਚਿੱਤਰ ਸਿੰਘ ਦੁਆਰਾ ਦੀ ਸਰਪ੍ਰਸਤੀ ਵਿਚ ਆਪ ਨੇ ਸੰਗੀਤ ਸਾਧਨਾ ਕਰਦੇ ਹੋਏ ਸੰਗੀਤ ਜਗਤ ਵਿਚ ਆਪਨੀ ਵਿਸ਼ੇਸ਼ ਪਛਾਣ ਸਥਾਪਤ ਕੀਤੀ। ਡਾ. ਬਚਿੱਤਰ ਸਿੰਘ ਅਨੁਸਾਰ, ਡਾ. ਗੁਰਨਾਮ ਸਿੰਘ ਬਚਪਨ ਤੋਂ ਹੀ ਇਕੱਲੇ ਰਹਿਣਾ ਪਸੰਦ ਕਰਦੇ ਸਨ। ਆਲੇ ਦੁਆਲੇ ਦੇ ਸ਼ੋਰ ਤੋਂ ਦੂਰ ਇਕਾਂਤ ਆਪ ਨੂੰ ਬਹੁਤ ਪਸੰਦ ਸੀ। ਅਸਲ ਵਿਚ ਗੁਰਨਾਮ ਸਿੰਘ ਇਕਾਂਤ ਵਿਚ ਵਿਸ਼ੇ ਸਬੰਧੀ ਗਹਿਣ ਅਧਿਐਨ ਅਤੇ ਰਿਆਜ਼ ਕਰਨ ਲਈ ਢੁਕਵਾਂ ਸਮਾਂ, ਸਥਾਨ ਤੇ ਸੁਵਿਧਾ ਦੀ ਤਲਾਸ਼ ਵਿਚ ਰਹਿੰਦੇ ਸਨ।

ਆਪ ਦੇ ਪਿਤਾ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ 'ਪਤੰਗ' ਫਤਿਹਗੜ੍ਹ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਸਨ। ਗੁਰਨਾਮ ਸਿੰਘ ਉਨ੍ਹਾਂ ਨਾਲ ਤਬਲੇ 'ਤੇ ਸੰਗਤ ਕਰਦੇ। ਹਰ ਰੋਜ਼ ਸਵੇਰੇ ਆਸਾ ਦੀ ਵਾਰ ਦੀ ਡਿਊਟੀ ਤੋਂ ਪਹਿਲਾਂ ਗੁਰਨਾਮ ਸਿੰਘ ਸੁਰ ਅਭਿਆਸ 'ਤੇ ਰਿਆਜ਼ ਕਰ ਕੇ ਕੀਰਤਨ ਵਿਚ ਸ਼ਾਮਲ ਹੁੰਦੇ ਸਨ। ਆਪ ਨੇ ਅਧਿਐਨ ਤੇ ਰਿਆਜ਼ ਵਾਸਤੇ ਪਾਸੀ ਰੋਡ, ਪਟਿਆਲਾ ਵਿਖੇ ਇਕ ਘਰ ਕਿਰਾਏ 'ਤੇ ਲਿਆ ਹੋਇਆ ਸੀ, ਜਿਥੇ ਪਟਿਆਲੇ ਦੇ ਨਾਮੀ ਸੰਗੀਤਕਾਰ, ਸਮਾਜਸੇਵੀ ਤੇ ਵਿਦਵਾਨ ਅਕਸਰ ਆਇਆ ਕਰਦੇ ਸਨ। ਸਾਰਾ ਦਿਨ ਸਾਹਿਤ ਤੇ ਸੰਗੀਤ ਦੀ ਗਲ ਤੁਰਦੀ।

ਆਪ ਨੇ ਕੁਝ ਸਮਾਂ ਸੀ. ਐਮ. ਧਵਨ ਅਤੇ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਤੋਂ ਵੀ ਸੰਗੀਤ ਦੀ ਸਿਖਿਆ ਗ੍ਰਹਿਣ ਕੀਤੀ। ਸੰਗੀਤ ਦੀ ਵਿਧੀਵਤ ਤਲੀਮ ਲੈਣ ਲਈ ਆਪ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਪ੍ਰਕਾਂਡ ਵਿਦਵਾਨ

ਸੰਗੀਤਕਾਰ ਅਧਿਆਪਕ ਪ੍ਰੋਫੈਸਰ ਤਾਰਾ ਸਿੰਘ ਦੇ ਸ਼ਾਗਿਰਦ ਹੋ ਗਏ। ਪ੍ਰੋਫੈਸਰ ਤਾਰਾ ਸਿੰਘ ਦੀ ਸਰਪ੍ਰਸਤੀ ਨਾਲ ਆਪ ਦੇ ਜੀਵਨ ਵਿਚ ਇਕ ਮਹੱਤਵਪੂਰਨ ਮੋੜ ਆਇਆ। ਆਪ ਨੇ ਪ੍ਰੋਫੈਸਰ ਸਾਹਿਬ ਦੀਆ ਕੰਪੋਜ਼ੀਸਨਾਂ ਨੂੰ ਯਾਦ ਕਰ ਕੇ ਵੱਖ ਵੱਖ ਸਮਾਗਮਾਂ ਵਿਚ ਗਾਇਨ ਕਰਨਾ। ਆਲ ਇੰਡੀਆ ਰੇਡੀਓ ਜਲੰਧਰ ਜਾ ਕੇ ਪ੍ਰੋਫੈਸਰ ਤਾਰਾ ਸਿੰਘ ਜੀ ਦੀਆਂ ਰਚਨਾਵਾਂ ਦੀ ਰਿਕਾਰਡਿੰਗ ਕਰਵਾਉਣੀ। ਗੁਰਮਤਿ ਸੰਗੀਤ ਸੋਸਾਇਟੀ ਵਲੋਂ ਹਰ ਹਫਤੇ ਵੀਰਵਾਰ ਵਾਲੇ ਦਿਨ ਸ਼ਾਮ ਨੂੰ ਘਰ ਘਰ ਹੋਣ ਵਾਲੀਆਂ ਕੀਰਤਨ ਪ੍ਰਸਤੁਤੀਆਂ ਨੂੰ ਅਕਾਦਮਿਕਤਾ ਨਾਲ ਜੋੜਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦਾ ਲੜੀਵਾਰ ਗਾਇਨ ਤੇ ਵਿਆਖਿਆ ਕਰਨੀ। ਪ੍ਰੋਫੈਸਰ ਤਾਰਾ ਸਿੰਘ ਜੀ ਦੁਆਰਾ ਸੁਰਬੱਧ ਪੜਤਾਲਾਂ ਦਾ ਗਾਇਨ ਕਰਦੇ ਹੋਏ ਇਸ ਆਲੋਪ ਹੋਰ ਰਹੀ ਗਾਇਨ ਸ਼ੈਲੀ ਨੂੰ ਮੁੜ ਤੋਂ ਸੁਰਜੀਤ ਕਰਨ ਦੇ ਉਪਰਾਲੇ ਕਰਦਿਆਂ ਗੁਰਨਾਮ ਸਿੰਘ ਨੇ ਸਾਰਾ ਦਿਨ ਸੁਰ ਅਭਿਆਸ ਤੇ ਰਿਆਜ਼ ਵਿਚ ਬਤੀਤ ਕਰਨਾ। ਇੰਨੀ ਦਿਨੀਂ ਪ੍ਰੋਫੈਸਰ ਤਾਰਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੇ ਸ਼ਬਦਾਂ ਨੂੰ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਸੁਰਲਿਪੀਬੱਧ ਕਰਨ ਵਿਚ ਰੁਝੇ ਹੋਏ ਸਨ। ਡਾ. ਗੁਰਨਾਮ ਸਿੰਘ ਨੇ ਸਾਰਾ ਦਿਨ ਪ੍ਰੋਫੈਸਰ ਸਾਹਿਬ ਦੀ ਸਹਾਇਤਾ ਅਤੇ ਸੇਵਾ ਵਿਚ ਬੈਠੇ ਰਹਿਣਾ।

ਆਪ ਨੂੰ ਵਿਦਿਆਰਥੀ ਜੀਵਨ ਤੋਂ ਹੀ ਪੰਜਾਬ ਦੀ ਸੰਗੀਤ ਪਰੰਪਰਾ ਨਾਲ ਪਿਆਰ ਸੀ। ਆਪ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ ਗਾਇਨ ਦੀ ਐਮ. ਏ. ਆਰੰਭ ਕੀਤੀ। ਇਸ ਦੌਰਾਨ ਪ੍ਰੋਫੈਸਰ ਤਾਰਾ ਸਿੰਘ ਜੀ ਪਾਸੋਂ ਆਪ ਨੇ ਪਾਠਕ੍ਰਮ ਦੇ ਸਾਰੇ ਰਾਗਾਂ ਦੀਆਂ ਬੰਦਸ਼ਾਂ (ਛੋਟੇ ਤੇ ਵੱਡੇ ਖ਼ਿਆਲਾਂ ਦੀਆਂ ਰਚਨਾਵਾਂ) ਤੋਂ ਇਲਾਵਾ ਹਰ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਵਿਚ ਸ਼ਬਦ ਵੀ ਤਿਆਰ ਕੀਤੇ। ਇਸ ਦੌਰਾਨ ਆਪ ਦਾ ਧਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੇ ਅਧਿਐਨ ਵਲ ਹੋ ਗਿਆ। ਆਪ ਨੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਰਾਗ, ਗਾਇਨ ਸ਼ੈਲੀਆਂ, ਤੰਤੀ ਸਾਜ਼ ਵਾਦਨ, ਤਾਲ ਸਾਜ਼ ਵਾਦਨ, ਗੁਰਮਤਿ ਸੰਗੀਤ ਦੇ ਸਿਧਾਂਤ, ਮਰਿਆਦਾ ਤੇ ਇਤਿਹਾਸ ਸਬੰਧੀ ਖੋਜ ਕਾਰਜ ਆਰੰਭਿਆ। ਆਪ ਨੇ ਸੰਗੀਤ ਗਾਇਨ ਵਿਚ ਐਮ. ਏ. ਕਰਨ ਉਪਰੰਤ ਆਪ ਨੇ ਦਿੱਲੀ ਯੂਨੀਵਰਸਿਟੀ ਤੋ 'A Musicological Study of Guru Nanak Bani' ਵਿਸ਼ੇ 'ਤੇ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਵਿਦਿਆਰਥੀ ਜੀਵਨ ਵਿਚ ਹੀ ਆਪ ਦੀ ਗਾਇਨ ਪ੍ਰਤਿਭਾ ਦੀ ਖਿਆਤੀ ਹੋ ਗਈ। ਗ਼ਜ਼ਲ ਗਾਇਨ ਵਿਚ ਨਿਪੁੰਨ ਹੋਣ ਦੇ ਨਾਲ ਨਾਲ ਆਪ ਨੂੰ ਸ਼ਾਸਤਰੀ ਗਾਇਕ ਵਜੋਂ ਮਾਨਤਾ ਮਿਲੀ। ਆਪ ਨੇ 'ਚਾਂਦ ਤਨਹਾ ਹੈ' ਨਾਮਕ ਗ਼ਜ਼ਲਾਂ ਦੀ ਇਕ ਰਿਕਾਰਡਿੰਗ ਵੀ ਰੀਲੀਜ਼ ਕਰਵਾਈ, ਜੋ ਅੱਜ ਵੀ ਗ਼ਜ਼ਲ ਗਾਇਕੀ ਦੀ ਮਿਆਰੀ ਗਾਇਕੀ ਵਜੋਂ ਪਰਵਾਨੀ ਜਾਂਦੀ ਹੈ। ਮਧੁਰ ਗਇਨ ਦੇ ਨਾਲ ਨਾਲ ਸਹੀ ਤਲਫਜ਼ ਨੇ ਆਪ ਨੂੰ ਦੂਜੇ ਸਮਕਾਲੀ ਪੰਜਾਬੀ ਗਾਇਕਾਂ ਤੋਂ ਉਤਮ ਦਰਜਾ ਪ੍ਰਦਾਨ ਕੀਤਾ। ਆਪ ਦੀਆਂ ਗ਼ਜ਼ਲਾਂ ਵਿਚ ਕਾਵਿ ਭਾਵ ਅਨੁਸਾਰੀ ਸੁਰ ਪ੍ਰਯੋਗ ਤੇ ਲਗਾਓ ਭੇਦ ਨੇ ਕਵੀ ਦੁਆਰਾ ਦਰਸਾਏ ਗਏ ਭਾਵਾਂ ਨੂੰ ਸਜੀਵਤਾ ਪ੍ਰਦਾਨ ਕਰਦਿਆਂ ਸਰੋਤਿਆਂ ਦੇ ਮਨਾਂ ਵਿਚ ਚਿਰਸਥਾਈ ਜਗ੍ਹਾ ਬਣਾ ਲਈ। ਹਾਰਮੋਨਿਯਮ ਵਾਦਨ ਅਤੇ ਲੈਅ ਤਾਲ ਦੀ ਡੂੰਘੀ ਜਾਣਕਾਰੀ ਸਦਕਾ ਆਪ ਦੀ ਗਾਇਨ ਸ਼ੈਲੀ ਵਿਚ ਸਹਿਜ ਅਤੇ ਸੁਭਾਵਿਕਤਾ ਦਾ ਵਾਸ ਹੈ। ਸ਼ਾਸਤਰੀ ਗਾਇਨ ਕਰਦਿਆਂ ਆਪ ਨੇ ਅਨੇਕਾਂ ਯਾਦਗਾਰੀ ਪੇਸ਼ਕਾਰੀਆਂ ਦਿਤੀਆਂ। ਲੇਖਕ (ਡਾ. ਕੰਵਲਜੀਤ ਸਿੰਘ) ਨੂੰ ਵੀ ਆਪ ਦੇ ਨਾਲ ਆਲ ਇੰਡੀਆ ਰੇਡੀਓ ਤੋਂ ਸ਼ਾਸਤਰੀ ਗਾਇਨ ਦੇ ਲਾਈਵ ਪ੍ਰਸਾਰਨਾਂ ਅਤੇ ਰਿਕਾਰਡਿੰਗਾਂ ਦੌਰਾਨ ਤਬਲੇ ਦੀ ਸੰਗਤ ਕਰਨ ਦਾ ਅਵਸਰ ਪ੍ਰਾਪਤ ਹੋਇਆ। ਆਪ

ਹਮੇਸ਼ਾਂ ਰੂਹ ਦਾ ਗਾਨਾ ਗਾਉਂਦੇ ਹੋਏ। ਉਪਜ ਦੇ ਅਲਾਪ ਤੇ ਤਾਨਾਂ ਦਾ ਪ੍ਰਯੋਗ ਆਪ ਦੀ ਗਾਇਨ ਸ਼ੈਲੀ ਦੀ ਮੁਖ ਵਿਸ਼ੇਸ਼ਤਾ ਹੈ। ਆਪ ਨੇ ਹਿੰਦੁਸਤਾਨੀ ਸੰਗੀਤ ਵਿਚ ਪ੍ਰਚੱਲਿਤ ਰਾਗਾਂ ਦੇ ਨਾਲ ਨਾਲ ਗੁਰਮਤਿ ਸੰਗੀਤ ਦੇ ਰਾਗਾਂ ਨੂੰ ਸਾਸਤਰੀ ਸੰਗੀਤ ਦੇ ਅੰਦਾਜ਼ ਤੋਂ ਗਾਇਨ ਕਰਦਿਆਂ ਪੰਜਾਬੀ ਸੰਗੀਤਕਾਰਾਂ ਲਈ ਮਿਸਾਲਯੋਗ ਕਾਰਜ ਕੀਤਾ ਹੈ। ਰਾਗ ਗੂਜਰੀ, ਮਧੁਵੰਤੀ, ਸ਼ੁਧ ਸਾਰੰਗ, ਤੁਖਾਰੀ, ਸੋਰਠਿ ਆਪ ਦੇ ਪ੍ਰਿਅ ਰਾਗ ਹਨ। ਸਿੰਘ ਬੰਧੁ ਸਰਦਾਰ ਸੁਰਿੰਦਰ ਸਿੰਘ ਤੇਜਪਾਲ ਸਿੰਘ ਦੇ ਯਤਨਾਂ ਸਦਕਾ ਨੈਸ਼ਨਲ ਟੈਲੀਵੀਜ਼ਨ ਰਾਹੀਂ ਦੂਰਦਰਸ਼ਨ ਦੇ ਦਿੱਲੀ ਕੇਂਦਰ ਵਲੋਂ ਪ੍ਰਸਾਰਿਤ ਹੋਣ ਵਾਲੇ ਸ਼ਬਦ ਗੁਰਬਾਣੀ ਦੇ ਪਹਿਲੇ ਪ੍ਰੋਗਰਾਮ 'ਗਾਵਹੁ ਸਾਚੀ ਬਾਣੀ' ਲਈ ਆਪਨੇ ਸ਼ਾਗਿਰਦਾਂ ਸਹਿਤ ਗਾਇਨ ਕਰਦਿਆਂ ਹੋਇਆਂ ਡਾ. ਗੁਰਨਾਮ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਧ ਤੇ ਮੌਲਿਕ ਸੰਗੀਤ ਵਿਧਾਨ ਅਨੁਸਾਰੀ ਸ਼ਬਦ ਕੀਰਤਨ ਗਾਇਨ ਕਰ ਕੇ ਸਮੁੱਚੇ ਵਿਸ਼ਵ ਦੇ ਕੀਰਤਨਕਾਰਾਂ ਦਾ ਮਾਰਗ ਦਰਸ਼ਨ ਕੀਤਾ।

ਆਪ ਨੇ ਵੱਖ ਵੱਖ ਓਹਦਿਆਂ 'ਤੇ ਰਹਿੰਦਿਆਂ ਸ਼ਾਸਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਲੋਕ ਸੰਗੀਤ ਦੇ ਪਰਚਾਰ ਵਿਚ ਅਹਿਮ ਭੁਮਿਕਾ ਅਦਾ ਕੀਤੀ। ਭਾਰਤੀ ਸੰਗੀਤ ਦੇ ਇਤਿਹਾਸ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਦਾ ਜ਼ਿਕਰ ਭਗਤੀ ਅੰਦੋਲਨ ਅਧੀਨ ਕੁਝ ਕੁ ਸਤਰਾਂ ਵਿਚ ਕੀਤਾ ਜਾਂਦਾ ਰਿਹਾ ਹੈ, ਜਦ ਕਿ ਪੰਜਾਬ ਦੇ ਸੰਗੀਤਕਾਰਾਂ ਦੀ ਘਾਲਣਾ ਸਦਕਾ ਸ਼ਾਸਤਰੀ ਗਾਇਨ ਦਾ ਵਿਸ਼ਵ ਪ੍ਰਸਿੱਧ ਪਟਿਆਲਾ ਤੇ ਸ਼ਾਮ ਚੌਰਾਸੀ ਘਰਾਨਾ, ਤਬਲਾ ਵਾਦਨ ਦਾ ਪੰਜਾਬ ਘਰਾਨਾ, ਨਾਈਆਂ ਦਾ ਘਰਾਨਾ, ਲਹੌਰੀਆਂ ਦਾ ਘਰਾਨਾ ਆਦਿ ਦਾ ਵਿਸ਼ੇਸ਼ ਯੋਗਦਾਨ ਸਦੈਵ ਅਣਗੋਲਿਆ ਹੀ ਰਿਹਾ ਹੈ। ਡਾ. ਗੁਰਨਾਮ ਸਿੰਘ ਨੇ ਜਿਥੇ ਅਕਾਦਮਿਕ ਪੱਧਰ 'ਤੇ ਪੰਜਾਬ ਦੇ ਸੰਗੀਤਕਾਰਾਂ ਨੂੰ ਬਣਦਾ ਮਾਨ ਸਤਿਕਾਰ ਦਿਵਾਉਣ ਵਿਚ ਅਗ੍ਰਿਨੀ ਭੁਮਿਕਾ ਨਿਭਾਉਂਦਿਆਂ ਪੰਜਾਬ ਦੀਆਂ ਸਿਖਿਆ ਸੰਸਥਾਵਾਂ ਦੇ ਪਾਠਕ੍ਰਮਾਂ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਰਾਖਵਾਂ ਸਥਾਨ ਦਿਵਾਇਆ ਉਥੇ ਪੰਜਾਬੀ ਸੰਗੀਤਕਾਰਾਂ ਦੀ ਮੰਚੀ ਪੇਸ਼ਕਾਰੀਆਂ ਦੇ ਆਯੋਜਨਾਂ ਨਾਲ ਸਰੋਤਿਆਂ ਅਤੇ ਸੰਗੀਤਕਾਰਾਂ ਵਿਚਲੀ ਦੂਰੀ ਸਮੇਟਣ ਦੇ ਯਤਨ ਕੀਤੇ ਹਨ। ਆਪ ਦੇ ਯਤਨਾਂ ਸਦਕਾ ਸ੍ਰੀ ਹਰਿਵਲਭ ਸੰਗੀਤ ਸੰਮੇਲਨ ਵਿਚ ਵੀ ਪੰਜਾਬ ਦੇ ਸੰਗੀਤਕਾਰਾਂ ਨੂੰ ਆਦਰ ਮਾਨ ਮਿਲਣਾ ਸ਼ੁਰੂ ਹੋ ਗਿਆ ਹੈ। ਆਪ ਨੇ ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੀ ਸਰਪ੍ਰਸਤੀ ਕਰਦਿਆਂ ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਸ਼ਾਂ ਨੂੰ ਇਕਤ੍ਰਿਤ ਕਰ ਕੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ। ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੇ ਮੋਢੀ ਸੰਗੀਤਕਾਰ ਭਾਈ ਮਰਦਾਨਾ ਦੇ ਨਾਂ 'ਤੇ ਸਲਾਨਾ ਸ਼ਾਸਤਰੀ ਸੰਗੀਤ ਸਮਾਰੋਹ ਦੀ ਲੜੀ ਦਾ ਆਗਾਜ਼ ਕਰਵਾਇਆ। ਪੰਜਾਬੀ ਸੰਗੀਤਕਾਰਾਂ ਅਤੇ ਪਰੰਪਰਾ ਦੇ ਵਿਭਿੰਨ ਵਿਸ਼ਿਆਂ 'ਤੇ ਖੋਜ ਲੇਖਾਂ ਨਾਲ ਖੋਜਾਰਥੀਆਂ ਅਤੇ ਪਾਠਕਾਂ ਲਈ ਸਮੱਗਰੀ ਉਪਲਬਧ ਕਰਵਾਈ। ਆਲ ਇੰਡੀਆ ਰੇਡੀਓ ਜਲੰਧਰ ਤੋਂ ਖੁਦ ਸ਼ਾਸਤਰੀ ਗਾਇਨ ਦੀਆਂ ਪੇਸ਼ਕਾਰੀਆਂ ਦੇ ਕੇ ਪਟਿਆਲਾ ਘਰਾਨੇ ਦੀ ਪ੍ਰਤਿਨਿਧਤਾ ਕੀਤੀ। ਆਪ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗਾਂ ਵਿਚ ਮੁਖੀ ਵਜੋਂ ਕਾਰਜ ਕਰਦਿਆਂ ਅਕਾਦਮਿਕ ਜਗਤ ਵਿਚ ਪੰਜਾਬੀ ਸ਼ਾਸਤਰੀ ਸੰਗੀਤ ਪ੍ਰਤਿ ਚੇਤਨਾ ਜਾਗ੍ਰਿਤ ਕਰਦਿਆਂ ਕਈ ਰਾਸ਼ਟਰੀ ਅਤੇ ਰਾਜ ਪੱਧਰੀ ਸੈਮੀਨਾਰ ਆਯੋਜਿਤ ਕੀਤੇ।

ਪੰਜਾਬ ਦੀ ਲੋਕ ਸੰਗੀਤ ਪਰੰਪਰਾ ਦੇ ਸ਼ੁਧ ਤੇ ਮੌਲਿਕ ਰੂਪ ਦੀ ਪੁਨਰ ਸੁਰਜੀਤੀ ਲਈ ਆਪ ਨੇ ਪੰਜਾਬ ਅਤੇ ਇਸਦੇ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਦੇ ਹੋਏ ਦੂਰ ਦੁਰਾਡੇ ਪਿੰਡਾਂ ਵਿਚ ਜਾ ਕੇ ਮਿਹਨਤ ਮਜਦੂਰੀ ਰਾਹੀਂ ਉਪਜੀਵਕਾ ਕਮਾ ਰਹੇ, ਪਰੰਪਰਾਗਤ ਲੋਕ ਸੰਗੀਤਕਾਰਾਂ, ਗਾਇਕਾਂ ਅਤੇ ਨਚਾਰਾਂ ਦੀ ਨਿਸ਼ਾਨਦੇਹੀ ਕੀਤੀ।

ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਦਾ ਮੰਚ ਪ੍ਰਦਾਨ ਕਰਦੇ ਹੋਏ, ਲੋਕ ਮੇਲਿਆਂ ਦੀ ਲੜੀ ਆਰੰਭ ਕੀਤੀ, ਜੋ ਵਰਤਮਾਨ ਸਮੇਂ ਸਲਾਨ ਆਯੋਜਨਾਂ ਦਾ ਰੂਪ ਧਾਰਣ ਕਰ ਚੁੱਕੀ ਹੈ। ਡਾ. ਗੁਰਨਾਮ ਸਿੰਘ ਨੇ ਇਨ੍ਹਾਂ ਲੋਕ ਮੇਲਿਆਂ ਵਿਚ ਭਾਗ ਲੈਣ ਵਾਲੇ ਲੋਕ ਸੰਗੀਤਕਾਰਾਂ ਦੀਆਂ ਆਡੀਓ ਵੀਡੀਓ ਰਿਕਾਰਡਿੰਗਾਂ ਕਰ ਕੇ ਜਿਥੇ ਇਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਦਾ ਰਾਜ ਪੱਧਰੀ ਮੰਚ ਪ੍ਰਦਾਨ ਕੀਤਾ ਉਥੇ ਪੰਜਾਬ ਦੀ ਲੋਕ ਸੰਗੀਤ ਕਲਾ ਦੀ ਸ਼ੁਧ ਅਤੇ ਮੌਲਿਕ ਪਛਾਣ ਸਥਾਪਤ ਕਰਦਿਆਂ ਵਿਸ਼ਵਭਰ ਵਿਚ ਇਸ ਦੀ ਸ਼ੁਧਤਾ ਤੇ ਮੌਲਿਕਾ ਦੀ ਪਛਾਣ ਸਥਾਪਤ ਕਰਦਿਆਂ ਕਿੰਗ, ਵੰਝਲੀ, ਤੁੰਬੀ, ਤੁੰਬਾ, ਡਉਰੂ, ਬੁਗਦੂ ਵਰਗੇ ਸਾਜ਼ਾਂ ਦਾ ਮੁੜ ਪ੍ਰਚਲਨ ਯਕੀਨੀ ਬਣਾਇਆ। ਅੱਜ ਜਦ ਚਾਰੇ ਪਾਸੇ ਲਚਰ ਗਾਇਕੀ ਅਤੇ ਅਸਿਖੀਅਤ ਕਥਿਤ ਲੋਕ ਗਾਇਕਾਂ ਦਾ ਬੋਲਬਾਲਾ ਹੈ, ਪਿੰਡ ਪਿੰਡ ਜਾ ਕੇ ਪੰਜਾਬੀ ਸਭਿਆਚਾਰ ਦੀ ਛਾਪ ਰਖਣ ਵਾਲੀਆ, ਆਲੋਪ ਹੋਣ ਦੇ ਕੰਢੇ ਪਈਆਂ ਨਚਾਰਾਂ ਦੀਆਂ ਨਾਚ ਵੰਨਗੀਆਂ ਅਤੇ ਪੁਆਧੀ ਅਖਾੜਿਆਂ ਨੂੰ ਮੁੜ ਸੁਰਜੀਤ ਕਰਨਾ ਡਾ. ਗੁਰਨਾਮ ਸਿੰਘ ਦੇ ਹਿੱਸੇ ਹੀ ਆਇਆ ਹੈ। ਆਪ ਦੀ ਅਗਵਾਈ ਵਿਚ ਪੰਜਾਬੀ ਲੋਕ ਗਾਇਨ ਅਧੀਨ ਇਸਤਰੀਆਂ, ਪੁਰਸ਼ਾਂ ਦੀਆਂ ਧਾਰਮਿਕ ਤੇ ਸਭਿਆਚਾਰਕ ਵੰਨਗੀਆਂ ਨੂੰ ਪੰਜਾਬੀ ਲੋਕ ਵਿਰਸੇ ਦਾ ਸਰਮਾਏ ਵਜੋਂ ਪੰਜਾਬੀ ਯੂਨੀਵਰਸਿਟੀ ਵਿਖੇ ਆਡੀਓ-ਵੀਡੀਓ ਰਿਕਾਰਡਿੰਗ ਦੇ ਰੂਪ ਵਿਚ ਸੰਭਾਲਣ ਦੇ ਯਤਨ ਕੀਤੇ, ਤਾਂ ਜੋ ਪੰਜਾਬ ਦੀ ਇਸ ਅਣਮੋਲ਼ ਵਿਰਾਸਤ ਨੂੰ ਵਿਸ਼ਵਭਰ ਵਿਚ ਅਤੇ ਅਗਲੀਆਂ ਪੀੜ੍ਹੀਆਂ ਲਈ ਸੁਰੱਖਿਆ ਰਖਿਆ ਜਾ ਸਕੇ। ਪੰਜਾਬ ਦੀਆਂ ਯੂਨੀਵਰਸਿਟੀਆਂ ਵਲੋਂ ਆਯੋਜਿਤ ਕੀਤੇ ਜਾਣ ਵਾਲੇ ਯੂਥ ਫੈਸਟੀਵਲਾਂ ਵਿਚ ਫੋਕ ਆਰਕੈਸਟਰੇ ਦੇ ਮੁਕਾਬਲੇ ਕਰਵਾਉਣ ਦੀ ਵਿਉਂਤ ਵਿਚ ਉੱਘਾ ਯੋਗਦਾਨ ਪਾਇਆ, ਜਿਸ ਨਾਲ ਜਿਥੇ ਲੋਕ ਸੰਗੀਤ ਦੇ ਕਲਾਕਾਰਾਂ ਦਾ ਸਮਾਜ ਵਿਚ ਮਾਣ ਵਧਿਆ ਉਥੇ ਉਨ੍ਹਾਂ ਲਈ ਉਪਜੀਵਕਾ ਲਈ ਸਾਧਨ ਵਿਕਸਿਤ ਹੋਏ ਅਤੇ ਅਖੌਤੀ ਕਿਤਾਕਾਰ ਲੋਕ ਸੰਗੀਤਕਾਰਾਂ ਦੁਆਰਾ ਲੋਕ ਸੰਗੀਤ ਦੇ ਨਾਂ 'ਤੇ ਚਲਾਈ ਜਾ ਰਹੀ ਅਸ਼ਲੀਲਤਾ ਦੀ ਲਹਿਰ ਨੂੰ ਠੱਲ੍ਹ ਪਈ। ਪੰਜਾਬ ਸਰਕਾਰ ਦੁਆਰਾ ਵੀ ਇਨ੍ਹਾਂ ਮੌਲਿਕ ਲੋਕ ਕਲਾਕਾਰਾਂ ਲਈ ਰਾਜ ਸਨਮਾਨ ਦੇਣ ਦਾ ਮਾਰਗ ਪ੍ਰਸ਼ਸਤ ਹੋਇਆ। ਡਾ. ਗੁਰਨਾਮ ਸਿੰਘ ਨੇ ਆਪਨੀ ਵਰ੍ਹਿਆਂ ਦੀ ਘਾਲਣਾ ਤੇ ਤਜ਼ਰਬੇ ਦੇ ਆਧਾਰ 'ਤੇ ਲੋਕ ਸੰਗੀਤ ਵਿਰਾਸਤ ਭਾਗ ਪਹਿਲਾ ਤੇ ਭਾਗ ਦੂਜਾ ਦੇ ਰੂਪ ਵਿਚ ਵਿਸ਼ਾਲ ਆਕਾਰੀ ਦਸਤਾਵੇਜ ਵਜੋਂ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕਰਵਾ ਕੇ ਇਕ ਮਿਸਾਲੀ ਕਾਰਜ ਕੀਤਾ, ਜਿਸਦੀ ਵਿਸ਼ਵਭਰ ਦੇ ਪਾਠਕਾਂ ਵਲੋਂ ਸਰਾਹਣਾ ਕੀਤੀ ਜਾ ਰਹੀ ਹੈ। ਡਾ. ਗੁਰਨਾਮ ਸਿੰਘ ਲੰਬਾ ਸਮਾਂ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿਖੇ ਵਿਸ਼ਾ ਮਾਹਰ ਵਜੋਂ ਪਦਾਸੀਨ ਰਹੇ। ਇਸ ਸਮੇਂ ਦੌਰਾਨ ਆਪ ਨੇ ਸੰਗੀਤ ਦੇ ਵੱਖ ਵੱਖ ਵਿਸ਼ਿਆਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਰੇਖਾਂਕਿਤ ਕਰਦਿਆਂ ਪੰਜਾਬੀ ਲੇਖਕਾਂ ਤੇ ਸੰਗੀਤਕਾਰਾਂ ਤੋਂ ਪੁਸਤਕ ਲੇਖਨ ਕਰਵਾ ਕੇ ਆਪਨੀਆਂ ਵਿਦਵਤਾ ਭਰਪੂਰ ਸੰਪਾਦਨ ਛੋਹਾਂ ਨਾਲ ਸਦੀਵਤਾ ਪ੍ਰਦਾਨ ਕੀਤੀ। ਆਪ ਦੇ ਯਤਨਾਂ ਸਦਕਾ ਪਹਿਲੀ ਵੇਰ ਪੰਜਾਬੀ ਪਾਠਕਾਂ ਨੂੰ ਸੰਗੀਤ ਸਬੰਧੀ ਸਿਧਾਂਤ ਤੇ ਇਤਿਹਾਸ ਸਮੱਗਰੀ ਆਪਨੀ ਮਾਤਰ ਭਾਸ਼ਾ ਵਿਚ ਉਪਲਬਧ ਹੋ ਸਕੀ, ਜਿਸ ਤੋਂ ਹੁਣ ਦੇਸ਼ ਵਿਦੇਸ਼ ਵਿਚ ਬੈਠੇ ਪਾਠਕ ਲਾਭ ਉਠਾ ਰਹੇ ਹਨ। ਆਪ ਨੇ ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁਖੀ ਵਜੋਂ ਕਾਰਜ ਕਰਦਿਆਂ ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੇ ਪਰਚਾਰ ਲਈ, ਆਪ ਨੇ ਰਾਸ਼ਟਰ ਪੱਧਰੀ ਸੈਮੀਨਾਰ ਆਯੋਜਿਤ ਕਰਦਿਆਂ ਸਥਾਨਕ ਅਤੇ ਰਾਸ਼ਟਰੀ ਸੰਗੀਤਕਾਰਾਂ, ਸ਼ਾਸਤਾਕਾਰਾਂ ਅਤੇ ਪਤਵੰਤਿਆਂ ਨੂੰ ਪੰਜਾਬ ਦੀ ਸੰਗੀਤ ਪਰੰਪਰਾ ਦੀ ਅਮੀਰੀ ਤੋਂ ਜਾਣੂ ਕਰਵਾਇਆ। ਸੰਗੀਤ ਦੇ ਪਾਠਕ੍ਰਮਾਂ ਵਿਚ ਪੰਜਾਬ ਦੀ ਸ਼ਾਸਤਰੀ ਅਤੇ ਲੋਕ ਸੰਗੀਤ ਵਿਚ

ਯੋਗਦਾਨ ਸਬੰਧੀ ਵਿਸ਼ੇ ਸ਼ਾਮਲ ਕਰ ਕੇ ਵਿਦਿਆਰਥੀ ਵਰਗ ਨੂੰ ਆਪਨੇ ਵਿਰਸੇ ਦੀ ਪਛਾਣ ਤੇ ਸੰਭਾਲ ਲਈ ਤਿਆਰ ਕਰਨ ਵਿਚ ਮੋਹਰੀ ਭੂਮਿਕਾ ਅਦਾ ਕੀਤੀ। ਸੰਗੀਤ ਦੇ ਪਾਠਕ੍ਰਮ ਵਿਚ ਗੁਰਮਤਿ ਸੰਗੀਤ ਨੂੰ ਉਚਿਤ ਸਥਾਨ ਦਿਵਾਇਆ। ਅਕਾਦਮਿਕ ਪੱਧਰ 'ਤੇ ਪੰਜਾਬ ਦੀ ਸੰਗੀਤ ਪਰੰਪਰਾ ਦੀ ਨਵੇਕਲੀ ਪਛਾਣ ਸਥਾਪਤ ਕਰਨ ਹਿਤ ਡਾ. ਗੁਰਨਾਮ ਸਿੰਘ ਦੁਆਰਾ ਸਮੇਂ ਸਮੇਂ ਵਿਸ਼ੇਸ਼ ਯਤਨ ਹੁੰਦੇ ਰਹੇ ਹਨ। ਆਪ ਨੇ ਸਕੂਲੀ ਵਿਦਿਆ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਦੁਆਰਾ ਦਸਵੀਂ ਅਤੇ ਬਾਰਵੀਂ ਜਮਾਤ ਵਿਚ ਗੁਰਬਾਣੀ ਸੰਗੀਤ ਵਿਸ਼ੇ ਵਜੋਂ ਲਾਗੂ ਕਰਵਾਉਣ ਵਿਚ ਆਪਨੇ ਵੱਡੇ ਭਰਾਤਾ ਡਾ. ਜਾਗੀਰ ਸਿੰਘ ਦੇ ਸਹਿਯੋਗ ਨਾਲ ਮਹੱਤਵਪੂਰਨ ਯੋਗਦਾਨ ਪਾਇਆ। 1998-2000 ਤੱਕ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁਖੀ ਵਜੋਂ ਕਾਰਜ ਕਰਦਿਆਂ ਆਪ ਨੇ ਸੁਨਾਦ ਨਾਂ ਹੇਠ ਸ਼ਾਸਤਰੀ ਸੰਗੀਤ ਸਮਾਗਮਾਂ ਦੀ ਲੜੀ ਦਾ ਸ਼ੁਭਾਰੰਭ ਕੀਤਾ, ਜੋ ਅੱਜ ਵੀ ਪੰਜਾਬ ਦੇ ਸੰਗੀਤਕਾਰਾਂ ਲਈ ਸਨਮਾਨਯੋਗ ਮੰਚ ਵਜੋਂ ਸਤਿਕਾਰੀ ਜਾਂਦੀ ਹੈ। ਵਰਤਮਾਨ ਸਮੇਂ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰੇਰਣਾ ਨਾਲ ਪੰਜਾਬੀ ਯੂਨੀਵਰਸਿਟੀ ਦੇ ਸਮੂਹ ਸੰਗੀਤਕਾਰਾਂ ਵਲੋਂ ਸਮੂਹਰ ਰੂਪ ਵਿਚ ਡਾ. ਗੁਰਨਾਮ ਸਿੰਘ ਦੀ ਸਰਪ੍ਰਸਤੀ ਵਿਚ ਸੁਨਾਦ ਲੜੀ ਅਧੀਨ ਮਹੀਨੇਵਾਰ ਸਮਾਗਮਾਂ ਦੀ ਲੜੀ ਚਲਾਈ ਜਾ ਰਹੀ ਹੈ, ਜਿਸ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਨਾਲ ਜੁੜੇ ਸੰਗੀਤਕਾਰ ਆਪਨੀਆਂ ਪੇਸ਼ਕਾਰੀਆਂ ਦਿੰਦੇ ਹਨ। ਸੁਨਾਦ ਸਮਾਗਮਾਂ ਦੀ ਪ੍ਰਤਿਸ਼ਠਾ ਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਿਨਾਂ ਕਿਸੇ ਰਸਮੀ ਸੱਦੇ ਤੋਂ ਹਰ ਮਹੀਨੇ ਦੇ ਤੀਸਰੇ ਵੀਰਵਾਰ ਇਲਾਕੇ ਦੇ ਸੰਗੀਤ ਪ੍ਰੇਮੀ, ਸਰਪ੍ਰਸਤ, ਅਧਿਆਪਕ ਤੇ ਸੰਗੀਤਕਾਰ ਗੁਰਮਤਿ ਸੰਗੀਤ ਭਵਨ ਵਿਖੇ ਸ਼ਾਮ ਨੂੰ ਇਕੱਤਰ ਹੁੰਦੇ ਹਨ ਅਤੇ ਸੰਗੀਤ ਦਾ ਆਨੰਦ ਮਾਣਦੇ ਹਨ। ਡਾ. ਗੁਰਨਾਮ ਸਿੰਘ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੱਤਰ ਵਿਹਾਰ ਸਿਖਿਆ ਰਾਹੀਂ ਡਿਪਲੋਮਾ ਇਨ ਗੁਰਮਤਿ ਸੰਗੀਤ ਅਤੇ ਗੁਰਮਤਿ ਸੰਗੀਤ ਪਰਵੇਸ਼ਿਕਾ ਦਾ ਆਰੰਭ ਕਰਦਿਆਂ ਪੰਜਾਬ ਦੇ ਵਿਦਿਆਰਥੀ ਵਰਗ ਨੂੰ ਸਿਖ ਗੁਰੂ ਸਾਹਿਬਾਂ ਦੁਆਰਾ ਵਰੋਸਾਈ ਰਾਗਾਤਮਿਕ ਕੀਰਤਨ ਦੀ ਸ਼ੁਧ ਤੇ ਮੌਲਿਕ ਗੁਰਮਤਿ ਸੰਗਤਿ ਪਰੰਪਰਾ ਤੋਂ ਨਾਲ ਜੋੜਿਆ ਗਿਆ ਹੈ। ਡਾ. ਗੁਰਨਾਮ ਸਿੰਘ ਦੁਆਰਾ ਵਾਈਸ-ਚਾਂਸਲਰ ਸਰਦਾਰ ਸਵਰਨ ਸਿੰਘ ਬੋਪਾਰਾਇ ਨੂੰ ਪ੍ਰੇਰਿਤ ਕਰ ਕੇ ਸਵਰਗਵਾਸੀ ਬੀਬੀ ਜਸਬੀਰ ਕੌਰ ਖ਼ਾਲਸਾ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ ਵਿਖੇ 2003 ਵਿਚ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਕਰਵਾਈ। ਬੀਬੀ ਜਸਬੀਰ ਕੌਰ ਖ਼ਾਲਸਾ ਨੇ ਇਸ ਚੇਅਰ ਲਈ 15 ਸਾਲਾਂ ਤੱਕ ਹਰ ਵਰ੍ਹੇ ਛੇ ਲਖ ਰੁਪੈ ਦੀ ਰਾਸ਼ੀ ਦਾਨ ਵਜੋਂ ਦੇਣ ਸਬੰਧੀ ਪੰਜਾਬੀ ਯੂਨੀਵਰਸਿਟੀ ਨਾਲ ਇਕ ਮੈਮੋਰੰਡਮ ਆਪ ਅੰਡਰਸਟੈਂਡਿੰਗ (ਯਾਦ ਪੱਤਰ) ਵੀ ਸਾਈਨ ਕੀਤਾ। ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਦੇ ਖੋਜ ਕਾਰਜਾਂ ਅਤੇ ਪਰਸਾਰ ਸਾਧਨਾ ਵਿਚ ਮੋਹਰੀ ਹੋ ਕੇ ਕਾਰਜ ਕਰ ਰਹੀ ਹੈ। ਪੰਜਾਬੀ ਯੂਨੀਵਰਸਿਟੀ ਵਿਖੇ ਐਮ. ਏ. ਗੁਰਮਤਿ ਸੰਗੀਤ ਦਾ ਆਰੰਭ ਕੀਤਾ ਗਿਆ। ਡਾ. ਗੁਰਨਾਮ ਸਿੰਘ ਦੇ ਅਣਥਕ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਦੀ ਪੜ੍ਹਾਈ ਲਈ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਕੀਤੀ ਗਈ। ਸੈਸ਼ਨ 2004-05 ਤੋਂ ਇਸ ਵਿਭਾਗ ਵਿਚ ਬੀ. ਏ. ਆਨਰਜ਼ ਇਨ ਗੁਰਮਤਿ ਸੰਗੀਤ ਦੇ ਕੋਰਸ ਵੀ ਆਰੰਭ ਕਰ ਦਿੱਤੇ ਗਏ। ਡੀਨ ਫੈਕਲਟੀ ਆਫ ਆਰਟਸ ਐਂਡ ਕਲਚਰ ਹੁੰਦਿਆਂ ਆਪ ਨੇ ਨ੍ਰਿਤ ਵਿਭਾਗ ਅਤੇ ਫਾਈਨ ਆਰਟਸ ਵਿਭਾਗ ਦੇ ਇੰਚਾਰਜ ਮੁਖੀ ਵਜੋ ਕਾਰਜ ਕਰਦਿਆਂ ਪੰਜਾਬੀ ਸ਼ਾਸਤਰੀ ਗਾਇਨ ਬੰਦਸ਼ਾਂ 'ਤੇ ਨ੍ਰਿਤ ਪੇਸ਼ਕਾਰੀਆਂ ਕਰਵਾਈਆਂ, ਫਾਈਨ ਆਰਟਸ ਦੇ ਕਲਾਕਾਰਾਂ ਕੋਲੋਂ ਪੰਜਾਬੀ ਸੰਗੀਤ ਪਰੰਪਰਾ ਨਾਲ ਜੁੜੇ ਵਿਸ਼ਿਆਂ

'ਤੇ ਮਿਨੀਏਚਰ ਚਿਤਰਾਂ ਦੀ ਕਾਰਜਸ਼ਾਲਾ ਦਾ ਆਯੋਜਨ ਕਰ ਕੇ ਸੰਗੀਤ ਨੂੰ ਕਲਾ ਦੇ ਦੂਜੇ ਵਿਸ਼ਿਆਂ ਦੇ ਸੁਮੇ ਵਜੋਂ ਪੇਸ਼ ਕਰ ਕੇ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਪੰਜਾਬੀ ਯੂਨੀਵਰਸਿਟੀ ਦੇ ਇਨ੍ਹਾਂ ਦੋਵੇਂ ਵਿਭਾਗਾਂ ਦੀ ਕਰਗੁਜ਼ਾਰੀ ਵਿਚ ਕਈ ਗੁਣਾਂ ਵਾਧਾ ਵੇਖਣ ਨੂੰ ਮਿਲਿਆ। ਜਿਥੇ ਗੁਰਮਤਿ ਸੰਗੀਤ ਦੇ ਸਮਾਗਮਾਂ ਵਿਚ ਫਾਈਨ ਆਰਟਸ ਦੇ ਯੋਗਦਾਨ ਦੀ ਝਲਕ ਦਿਖਾਈ ਦੇਣ ਲੱਗੀ ਉਥੇ ਫਾਈਨ ਆਰਟਸ ਅਤੇ ਨ੍ਰਿਤ ਵਿਭਾਗ ਦੇ ਸਮਾਗਮਾਂ ਵਿਚ ਪੰਜਾਬੀ ਸੰਗੀਤ ਦੀ ਛਾਪ ਨਜ਼ਰੀਂ ਆਉਣ ਲੱਗੀ। ਡਾ. ਗੁਰਨਾਮ ਸਿੰਘ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਦੇ ਨ੍ਰਿਤ ਵਿਭਾਗ ਦਾ ਨਾਂ ਬਦਲ ਕੇ ਪੰਜਾਬ ਦੇ ਵਿਸ਼ਵਪ੍ਰਸਿਧ ਚਿਤਰਕਾਰ ਦੇ ਨਾਂ ਨਾਲ ਜੋੜਦਿਆਂ 'ਸੋਭਾ ਸਿੰਘ ਫਾਈਨ ਆਰਟਸ ਵਿਭਾਗ' ਹੋ ਗਿਆ।

ਪੰਜਾਬ ਦੀ ਮੌਲਿਕ ਗੁਰਮਤਿ ਸੰਗੀਤ ਪਰੰਪਰਾ ਅਨੁਸਾਰੀ ਪੇਸ਼ਕਾਰੀਆਂ ਲਈ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਵਲੋਂ ਡਾ. ਗੁਰਨਾਮ ਸਿੰਘ ਦੀ ਵਿਉਂਤ ਅਨੁਸਾਰ 2003 ਤੋਂ ਹਰ ਵਰ੍ਹੇ ਗੁਰਮਤਿ ਸੰਗੀਤ ਉਤਸਵਾਂ ਦੇ ਆਯੋਜਨ ਕੀਤੇ ਜਾਂਦੇ ਹਨ। ਗੁਰਮਤਿ ਸੰਗੀਤ ਉਤਸਵਾਂ ਦੌਰਾਨ 200 ਤੋਂ ਗੁਰਮਤਿ ਸੰਗੀਤ ਪ੍ਰਤਿਯੋਗਤਾਵਾਂ ਕਰਵਾਈਆਂ ਜਾ ਰਹੀਆਂ ਹਨ ਅਤੇ 2007 ਤੋਂ ਸੰਗੀਤ ਦੇ ਰਾਸ਼ਟਰੀ ਸੈਮੀਨਾਰਾਂ ਦੀ ਲੜੀ ਦਾ ਸ਼ੁਭਾਰੰਭ ਕੀਤਾ ਗਿਆ ਹੈ। ਪੰਜਾਬੀ ਸੰਗੀਤਕਾਰਾਂ ਦੀ ਭਾਰਤੀ ਸ਼ਾਸਤਰੀ ਸੰਗੀਤ ਦੀ ਪ੍ਰਫੁੱਲਤਾ ਲਈ ਕੀਤੇ ਯਤਨਾਂ ਨੂੰ ਉਜਾਗਰ ਕਰਨ ਲਈ ਵਿਸ਼ੇਸ਼ ਯਤਨ ਕਰਦਿਆਂ 2008 ਤੋਂ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸਮਾਰੋਹਾਂ ਦਾ ਆਰੰਭ ਕੀਤਾ ਗਿਆ ਹੈ। ਇਸ ਸ਼ਾਸਤਰੀ ਸੰਗੀਤ ਸਮਾਰੋਹ ਵਿਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਪੰਜਾਬ ਦੇ ਸਮੂਹ ਉਘੇ ਸੰਗੀਤਕਾਰ ਆਪਨੀਆਂ ਪ੍ਰਸ਼ਤੁਤੀਆਂ ਦੇ ਚੁੱਕੇ ਹਨ। ਡਾ. ਗੁਰਨਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁਖ ਰਾਗਾਂ ਅਤੇ 31 ਰਾਗ ਪ੍ਰਕਾਰਾਂ ਦੇ ਰਾਗ ਨਿਰਣਾਇਕ ਕਮੇਟੀ ਦੁਆਰਾ ਸਵਿਕਾਰੇ ਸਰੂਪਾਂ ਅਨੁਸਾਰ ਗੁਰ ਸ਼ਬਦ ਕੀਰਤਨ ਦੇ ਨਾਂ ਹੇਠ 10 ਆਡੀਓ ਕੈਸਟਾਂ ਦੇ ਸੈਟ ਦੇ ਰੂਪ ਵਿਚ ਐਚ ਐਮ ਵੀ ਕੰਪਨੀ ਦੁਆਰਾ ਰਿਕਾਰਡ ਕਰਵਾ ਕੇ ਰੀਲੀਜ਼ ਕਰਵਾਏ। ਵਿਸ਼ਵ ਵਿਚ ਪਹਿਲੀ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਦੀ ਰਿਕਾਰਡਿੰਗ ਦੇ ਇਸ ਪ੍ਰੋਜੈਕਟ ਵਿਚ ਲੇਖਕ ਨੂੰ ਵੀ ਬਤੌਰ ਸੰਗੀਰ ਨਿਰਦੇਸ਼ਕ ਕਾਰਜ ਕਰਨ ਦਾ ਅਵਸਰ ਪ੍ਰਦਾਨ ਹੋਇਆ ਹੈ। ਇਸ ਤੋਂ ਇਲਾਵਾ ਆਪ ਦੁਆਰਾ ਗੁਰਮਤਿ ਸੰਗੀਤ ਦੇ ਸਾਜਾਂ ਅਤੇ ਰਬਾਬੀ ਕੀਰਤਨ ਸ਼ੈਲੀ ਦੇ ਪੁਨਰ ਪ੍ਰਚੱਲਨ ਲਈ ਵਰਕਸ਼ਾਪਾਂ ਅਤੇ ਪੇਸ਼ਕਾਰੀਆਂ ਦਾ ਆਯੋਜਨ ਸਮੇਂ ਸਮੇਂ ਕੀਤਾ ਜਾਂਦਾ ਹੈ।

ਡਾ. ਗੁਰਨਾਮ ਸਿੰਘ ਦੁਆਰਾ ਜਿਥੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਪ੍ਰਫੁੱਲਤਾ ਲਈ ਯਤਨ ਕੀਤੇ ਗਏ ਉਥੇ ਉਨ੍ਹਾਂ ਨੇ ਸਿਖ ਗੁਰੂ ਸਾਹਿਬਾਂ ਦੁਆਰਾ ਵਰੋਸਾਈ ਰਾਗਾਤਮਿਕ ਸ਼ਬਦ ਕੀਰਤਨ ਅਤੇ ਤੰਤੀ ਸਾਜ਼ਾਂ ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਵਲ ਵੀ ਵਿਸ਼ੇਸ਼ ਰੁਚੀ ਦਿਖਾਈ। ਆਪ ਵਲੋਂ ਗੁਰਮਤਿ ਸੰਗੀਤ ਦੇ ਸੰਗੀਤ ਵਿਧਾਨ ਅਨੁਸਾਰੀ ਨਿਰਧਾਰਿਤ ਰਾਗਾਂ 'ਤੇ ਆਧਾਰਿਤ ਕੀਰਤਨ ਕਰਨ ਵਾਲੇ ਜਥਿਆਂ ਨੂੰ ਹਮੇਸ਼ਾ ਸਰਪ੍ਰਸਤੀ ਦਿਤੀ ਜਾਂਦੀ ਰਹੀ ਹੈ। ਜਿਥੇ ਆਪ ਤੋਂ ਸਿਖਿਆ ਗ੍ਰਹਿਣ ਕਰ ਕੇ ਅਨੇਕਾਂ ਜਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਸੇਵਾ ਨਿਭਾ ਰਹੇ ਹਨ, ਓਥੇ ਆਪ ਵੀ ਸਮੇਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਹਾਜ਼ਰੀ ਭਰ ਕੇ ਸੰਗਤਾਂ ਵਿਚ ਗੁਰਮਤਿ ਸੰਗੀਤ ਦੀਆਂ ਸ਼ੁਧ ਤੇ ਮੌਲਿਕ ਗਾਇਨ ਸ਼ੈਲੀਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਦੇ ਰਹਿੰਦੇ ਹਨ। ਡਾ. ਗੁਰਨਾਮ ਸਿੰਘ ਦੁਆਰਾ ਲਮੇਰੀ ਖੋਜ ਉਪਰੰਤ, ਭਾਈ ਮਰਦਾਨਾ ਜੀ ਨੂੰ ਭਾਈ ਫਿਰੰਦਾ ਜੀ ਤੋਂ ਸੁਲਤਾਨਪੁਰ ਲੋਧੀ (ਵਰਤਮਾਨ ਸਮੇਂ ਗੁਰਦੁਆਰਾ ਰਬਾਬਸਰ) ਤੋਂ ਪ੍ਰਾਪਤ ਹੋਈ ਰਬਾਬ ਦਾ ਮਾਡਲ

ਤਿਆਰ ਕਰਵਾ ਕੇ, ਵਿਦਿਆਰਥੀਆਂ ਨੂੰ ਇਸ ਦੇ ਵਾਦਨ ਦੀ ਤਾਲੀਮ ਦੇਣ ਲਈ ਵਰਕਸ਼ਾਪਾਂ ਦੇ ਆਯੋਜਨ ਕੀਤੇ। ਆਪ ਨੇ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਦੇ ਸਟਾਫ ਅਤੇ ਕੁਝ ਸ਼ਾਗਿਰਦਾਂ ਸਹਿਤ ਸੁਲਤਾਨਪੁਰ ਲੋਧੀ ਦੇ ਨੇੜੇ ਪਿੰਡ ਭਰੋਆਣਾ, ਜਿਲਾ ਕਪੂਰਥਲਾ ਦਾ ਦੌਰਾ ਕੀਤਾ। ਇਤਿਹਾਸਿਕ ਗੁਰਦੁਆਰਾ ਸਾਹਿਬ ਰਬਾਬਸਰ ਵਿਖੇ ਉਸ ਜੰਡ ਦੇ ਦਰਸ਼ਨ ਕੀਤੇ ਜਿਥੋਂ ਭਾਈ ਮਰਦਾਨਾ ਜੀ ਨੂੰ ਭਾਈ ਫਿਰੰਦਾ ਰਾਹੀਂ ਰਬਾਬ ਦੀ ਪ੍ਰਾਪਤੀ ਹੋਈ। ਆਪ ਦੁਆਰਾ ਇਸ ਅਸਥਾਨ 'ਤੇ ਰਬਾਬ ਵਾਦਨ ਤੇ ਗੁਰਮਤਿ ਸੰਗੀਤ ਗਾਇਨ ਦੀ ਸਿਖਲਾਈ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਵਰਤਮਾਨ ਸਮੇਂ ਪ੍ਰਚੱਲਤ ਸ਼ਬਦ ਕੀਰਤਨ ਚੌਕੀ ਪਰੰਪਰਾ ਵਿਚ ਤੰਤੀ ਸਾਜ਼ਾਂ ਦਾ ਵਾਦਨ ਮਨਫੀ ਹੋ ਰਿਹਾ ਸੀ। ਡਾ. ਗੁਰਨਾਮ ਸਿੰਘ ਨੇ ਤੰਤੀ ਸਾਜ਼ ਵਾਦਕਾਂ ਲਈ ਵਰਕਸ਼ਾਪਾਂ ਦਾ ਆਯੋਜਨ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸਰਦਾਰ ਅਵਤਾਰ ਸਿੰਘ ਮੱਕੜ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤੰਤੀ ਸਾਜ਼ ਵਾਦਨ ਪਰੰਪਰਾ ਪ੍ਰਤਿ ਸੁਚੇਤ ਕਰਦਿਆਂ ਇਸ ਦੇ ਮੁੜ ਪ੍ਰਚਲਨ ਨੂੰ ਧਿਆਨ ਵਿਚ ਰਖਦਿਆਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ ਵਾਦਕਾਂ ਦੀਆਂ ਨਿਯੁਕਤੀਆਂ ਕਰਵਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਵਰਤਮਾਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਿਲਰੁਬਾ, ਤਾਊਸ, ਸਿਰੰਦਾ ਵਾਦਕ ਤੰਤੀ ਸਾਜ਼ਾਂ ਦਾ ਵਾਦਨ ਕਰ ਰਹੇ ਹਨ।

ਡਾ. ਗੁਰਨਾਮ ਸਿੰਘ ਦੁਆਰਾ ਸ਼ਾਸਤਰੀ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਅਨੇਕਾਂ ਵਿਸ਼ਿਆ 'ਤੇ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਆਦਿ ਗ੍ਰੰਥ ਰਾਗ ਕੋਸ਼, ਪਵਿੱਤਰ ਪ੍ਰਮਾਣਿਕ ਪਰਕਾਸ਼ਨ, ਪਟਿਆਲਾ; ਪੰਜਾਬੀ ਲੋਕ ਸੰਗੀਤ ਸਿਧਾਂਤ ਤੇ ਸਰੂਪ, ਸੰਗੀਤ ਪ੍ਰਕਾਸ਼ਨ, ਪਟਿਆਲਾ; ਪੰਜਾਬੀ ਸੰਗੀਤਕਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ; ਸੰਗੀਤ ਨਿਬੰਧਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲ;ਗੁਰਮਤਿ ਸੰਗੀਤ ਰਾਗ ਰਤਨਾਵਲੀ, ਸ਼ਬਦਨਿਧੀ ਪ੍ਰਕਾਸ਼ਨ, ਨਵੀਂ ਦਿੱਲੀ; ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਾਸ਼ਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ; ਗਾਇਨ ਸੰਗੀਤਕਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ;ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ; ਸ੍ਰੀ ਗੁਰੂ ਗ੍ਰੰਥ ਰਾਗ ਰਤਨਾਕਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਕਨਿਸ਼ਕਾ ਪਬਲਿਸ਼ਰਜ਼, ਦਿੱਲੀ; ਪੰਜਾਬ ਦੇ ਲੋਕ ਨਾਚ ਸੰਮੀ ਤੇ ਝੂੰਮਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ; ਪੰਜਾਬੀ ਲੋਕ ਸੰਗੀਤ ਵਿਰਾਸਤ, ਭਾਗ ਪਹਿਲਾ ਤੇ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰਮਤਿ ਪ੍ਰਕਾਸ਼ਨ ਪਟਿਆਲਾ, ਪੰਜਾਬੀ ਲੋਕ ਸਾਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਸ਼ੇਸ਼ ਵਰਨਣਯੋਗ ਹਨ। ਡਾ. ਗੁਰਨਾਮ ਸਿੰਘ ਦੁਆਰਾ ਸੰਗੀਤ ਵਿਸ਼ੇ ਵਿਚ ਅਨੇਕਾਂ ਮਿਆਰੀ ਪੁਸਤਕਾਂ, ਖੋਜ ਪੱਤਰ, ਖੋਜ ਲੇਖ, ਸੰਪਾਦਿਤ ਪੁਸਤਕਾਂ, ਟ੍ਰਾਂਸਲੇਟਡ ਪੁਸਤਕਾਂ ਸੰਗੀਤ ਦੇ ਪਾਠਕਾਂ ਲਈ ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ। ਪੰਜਾਬੀ ਸੰਗੀਤ ਦੀਆ ਵੱਖ ਵੱਖ ਸ਼ੈਲੀਆਂ ਨੂੰ ਉਜਾਗਰ ਕਰਦੀਆਂ ਤਿੰਨ ਡਾਕੂਮੈਂਟਰੀ ਫਿਲਮਾਂ 'ਪਰੰਪਰਾਗਤ ਲੋਕ ਗਾਇਨ', 'ਪੰਜਾਬੀ ਲੋਕ ਸੰਗੀਤ ਵਿਰਾਸਤ', 'ਪੁਆਧੀ ਅਖਾੜਾ' ਆਪ ਵਲੋਂ ਤਿਆਰ ਕਰਵਾ ਕੇ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕਰਵਾਈਆਂ ਗਈਆਂ।

ਭਾਰਤੀ ਸੰਗੀਤ ਪਰੰਪਰਾ ਦੇ ਪਰਚਾਰ ਪਰਸਾਰ ਲਈ ਨਿਊ ਯਾਰਕ, ਯੂ. ਐਸ. ਏ. ਦੀ ਹੋਫਸਟਰਾ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ ਰਿਲੀਜਨ ਵਿਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਕਾਰਜ ਕਰਦਿਆਂ ਆਪ ਨੇ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਵਿਸ਼ਵ ਪੱਧਰੀ ਅਕਾਦਮਿਕ ਸਥਾਪਤੀ ਵਿਚ ਇਕ ਨਵਾਂ ਅਧਿਆਇ ਜੋੜਿਆ। ਆਪ ਦੁਆਰਾ ਵਿਦੇਸ਼ੀ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤਕ ਸਿਰਲੇਖਾਂ, ਸੰਕੇਤਾਂ, ਹਵਾਲਿਆਂ ਅਤੇ ਗੁਰ ਫੁਰਮਾਨਾਂ ਤੋਂ ਪ੍ਰਾਪਤ ਹੋਣ ਵਾਲੀਆਂ ਗੁਰਮਤਿ ਸੰਗੀਤ ਦੇ ਸੰਚਾਰ ਵਿਧਾਨ ਦੀਆਂ ਜੁਗਤਾਂ ਦਾ ਸਿਧਾਂਤਾਂ ਦੀ ਸਿਖਿਆਂ ਦੇਣ ਦੇ ਉਪਰਾਲੇ ਕਰ ਰਹੇ ਹਨ। ਸਿੱਖ ਗੁਰੂ ਸਾਹਿਬਾਂ ਵਲੋਂ ਬਾਣੀ ਦੇ ਸੰਚਾਰ ਲਈ ਪ੍ਰਯੋਗ ਕੀਤੇ ਗਏ ਸੰਗੀਤ ਵਿਧਾਨ ਅਨੁਸਾਰੀ ਸ਼ਬਦ ਕੀਰਤਨ ਦੀ ਮਰਿਆਦਾ ਤੇ ਵਿਧੀ ਸਿਖਲਾਈ ਲਈ ਕਿਰਿਆਤਮਿਕ ਪੇਸ਼ਕਾਰੀਆਂ ਦੇ ਕੇ ਵਿਸ਼ਵਭਰ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਅਜੇ ਤਕ ਭਾਰਤੀ ਸੰਗੀਤ ਦੇ ਸਮੂਹ ਸੰਗੀਤਕਾਰ ਵਿਦਵਾਨ ਦੇਸ਼ ਵਿਦੇਸ਼ ਵਿਚ ਜਾ ਕੇ ਆਪਨੀ ਵਿਦਵਤਾ ਦੇ ਪ੍ਰਗਟਾਵੇ ਨਾਲ ਆਪਨੇ ਲਈ ਰਾਸ਼ੀ, ਤੋਹਫੇ ਜਾਂ ਸੁਵਿਧਾਵਾਂ ਇਕੱਤਰ ਕਰਦੇ ਸਨ, ਪਰ ਡਾ. ਗੁਰਨਾਮ ਸਿੰਘ ਨੇ ਭਾਰਤੀ ਸੰਗੀਤਕਾਰਾਂ, ਸੰਗੀਤਸ਼ਾਸਤਰੀਆਂ ਅਤੇ ਅਧਿਆਪਕਾਂ ਨੂੰ ਨਵਾਂ ਮਾਰਗ ਦਿਖਾਉਂਦਿਆਂ ਗੁਰਮਤਿ ਸੰਗੀਤ ਅਤੇ ਪੰਜਾਬ ਦੀ ਸੰਗੀਤ ਪਰੰਪਰਾ ਦੀ ਸੇਵਾ ਸੰਭਾਲ ਦੇ ਮਿਸ਼ਨ ਦੀ ਕਾਮਯਾਬੀ, ਪਰਚਾਰ ਅਤੇ ਸੰਭਾਲ ਲਈ ਆਪਨੇ ਲਈ ਨਿੱਜੀ ਤੌਰ 'ਤੇ ਨਹੀਂ ਸਗੋਂ ਪੰਜਾਬੀ ਯੂਨੀਵਰਸਿਟੀ ਲਈ ਸਹਾਇਤਾ ਰਾਸ਼ੀ ਇਕੱਠੀ ਕਰਨ ਦਾ ਕਾਰਜ ਕੀਤਾ। ਆਪ ਨੇ ਕੈਨੇਡਾ ਅਤੇ ਯੂ. ਐਸ. ਏ. ਦੇ ਵੱਖ ਵੱਖ ਸ਼ਹਿਰਾਂ ਵਿਚ ਪੇਸ਼ਕਾਰੀਆਂ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪੰਜਾਬ ਦੀ ਸੰਗੀਤ ਪਰੰਪਰਾ ਦੀ ਸੰਭਾਲ ਤੇ ਪਰਚਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਜਾਣਕਾਰੀ ਦਿੰਦੇ ਹੋਏ ਸਰੋਤਿਆਂ ਨੂੰ ਅਕਾਦਮਿਕ ਕਾਰਜਾਂ ਲਈ ਯੋਗਦਾਨ ਪਾਉਣ ਤੇ ਸਹਾਇਤਾ ਰਾਸ਼ੀ ਦੇਣ ਲਈ ਪ੍ਰੇਰਣਾ ਕੀਤੀ। ਗੁਰਮਤਿ ਸੰਗੀਤ ਭਵਨ ਪੰਜਾਬੀ ਯੂਨੀਵਰਸਿਟੀ ਦੀ ਉਸਾਰੀ ਵਿਚ ਵੱਡਾ ਯੋਗਦਾਨ ਪਾਇਆ ਹੈ। ਵਰਤਮਾਨ ਸਮੇਂ ਇਸ ਗੁਰਮਤਿ ਸੰਗੀਤ ਭਵਨ ਵਿਚ ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ ਮਿਊਜ਼ਿਕ, ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ, ਸੰਤ ਸਿੰਘ ਮਸਕੀਨ ਸੈਮੀਨਾਰ ਹਾਲ, ਤੰਤੀ ਸਾਜ਼ ਗ੍ਰਿਹਿ ਦੇ ਨਾਲ ਨਾਲ ਸਿਮ੍ਰਤੀ ਕਮਰੇ, ਗੁਰਮਤਿ ਸੰਗੀਤ ਵਿਭਾਗ ਅਤੇ ਗਰਮਤਿ ਸੰਗੀਤ ਚੇਅਰ ਦਾ ਦਫਤਰ, ਕਲਾਸ ਰੂਮ, ਗੁਰੂ ਗਿਆਨ ਪ੍ਰਕਾਸ਼ ਫਾਉਂਡੇਸ਼ਨ ਦਾ ਦਫਤਰ ਕਾਰਜ ਕਰ ਰਹੇ ਹਨ।

ਪ੍ਰਮੁੱਖ ਸਨਮਾਨ: ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਵਿਸ਼ਵ ਪਧਰੀ ਅਕਾਦਮਿਕਤਾ ਦੇ ਸੰਦਰਭ ਵਿੱਚ ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਦੇ ਪ੍ਰਾਇਵਾਚੀ ਬਣ ਗਏ ਹਨ। ਉਨਾਂ ਤੋਂ ਬਿਨਾਂ ਗੁਰਮਤਿ ਸੰਗੀਤ ਬਾਰੇ ਸੋਚਨਾ ਸੰਭਵ ਨਹੀਂ ਹੈ। ਗੁਰੂ ਘਰ ਦੀ ਸ਼ਬਦ ਕੀਰਤਨ ਪਰੰਪਰਾ ਲਦੇ ਪਰਚਾਰ ਵਿਚ ਆਪ ਦੁਆਰਾ ਕੀਤੇ ਗਏ ਉਪਰਾਲਿਆਂ ਦੇ ਸਨਮਾਨ ਵਿਚ ਵਿਭਿੰਨ ਸੰਸਥਾਵਾਂ ਵਲੋਂ ਆਪ ਨੂੰ ਸਮੇਂ ਸਮੇਂ ਰਾਜ ਪਧਰੀ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪਧਰ ਦੇ ਸਨਮਾਨ ਪ੍ਰਾਪਤ ਹੋਏ ਹਨ, ਜਿਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਨ੍ਹਾਂ ਵਿਚੋਂ ਕੁਝ ਪ੍ਰਮੁੱਖ ਸਨਮਾਨ ਇਸ ਪ੍ਰਕਾਰ ਹਨ - 2001 ਵਿਚ ਸ਼੍ਰੋਮਣੀ ਰਾਗੀ ਐਵਾਰਡ ਭਾਸ਼ਾ ਵਿਭਾਗ, ਪੰਜਾਬ; ਸਟੇਟ ਐਵਾਰਡ, ਪੰਜਾਬ ਸਰਕਾਰ; 2003 ਵਿਚ ਸੀਨੀਅਰ ਫੈਲੋਸ਼ਿਪ ਸੰਗੀਤ ਨਾਟਕ ਅਕੈਡਮੀ, ਦਿੱਲੀ; ਗਰਮਤਿ ਸੰਗੀਤ ਐਵਾਰਡ ਵਿਸਮਾਦ ਨਾਦ, ਜਵੱਦੀ ਟਕਸਾਲ, ਲੁਧਿਆਣਾ; ਵਿਸ਼ੇਸ਼ ਸਨਮਾਨ ਸ੍ਰੀ ਹਰਿਬਲਭ ਸੰਗੀਤ ਮਹਾਂਸਭਾ (ਰਜਿ.), ਜਲੰਧਰ; 2006 ਵਿਚ ਵਿਸ਼ੇਸ਼ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; 2007 ਵਿਚ ਸ਼੍ਰੋਮਣੀ ਰਾਗੀ

ਪੁਰਸਕਾਰ ਪੰਜਾਬ ਸਰਕਾਰ; 2007 ਵਿਚ ਭਾਈ ਮਰਦਾਨਾ ਐਵਾਰਡ ਪੰਜਾਬੀ ਸੱਥ, ਲਾਂਬੜਾਂ, ਜੰਲਧਰ ਅਤੇ ਸਿਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਵਲੋਂ ਵਿਸ਼ੇਸ਼ ਸਨਮਾਨ, 2008 ਵਿਚ ਵਿਸ਼ੇਸ਼ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ; 2008 ਵਿਚ ਸਿਮ੍ਰਤੀ ਸਨਮਾਨ, ਸੰਤ ਸੁਜਾਨ ਸਿੰਘ ਮਹਾਰਾਜ ਦੀ ਯਾਦ ਵਿਚ, ਦਿੱਲੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਐਵਾਰਡ, 2010 ਵਿਚ ਪੰਜਾਬ ਸਰਕਾਰ ਦੁਆਰਾ ਸਟੇਟ ਐਵਾਰਡ, 2011 ਵਿਚ ਪੰਜਾਬੀ ਯੂਨੀਵਰਸਿਟੀ ਸਿੰਡੀਕੇਟ ਵਲੋਂ ਐਵਾਰਡ ਆਫ ਐਕਸੇਲੈਂਸ, ਸ਼੍ਰੋਮਣੀ ਰਾਗੀ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012 ਵਿਚ ਟਕਸਾਲ ਨਾਨਕਸਰ ਕਲੇਰਾਂ ਤੋਂ ਸੰਗੀਤ ਮਾਰਤੰਡ 2013 ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤਿ ਸੰਗੀਤ ਅਕੈਡਮੀ ਦੇ 15ਵੇਂ ਸਥਾਪਨਾ ਦਿਵਸ ਸਮੇਂ ਗੁਰਮਤਿ ਸੰਗੀਤ ਐਵਾਰਡ, ਤਕਸ਼ਿਲਾ ਸੁਸਾਇਟੀ ਲੁਧਿਆਣਾ ਵਲੋਂ ਵਿਸ਼ੇਸ਼ ਸਨਮਾਨ, ਦਸ਼ਮੇਸ਼ ਕਲਚਰ ਸੈਂਟਰ, ਗੁਰੂ ਰਾਮ ਦਾਸ ਦਰਬਾਰ ਅਤੇ ਖ਼ਾਲਸਾ ਰਿਫਲੈਕਸ਼ਨ ਕੈਨੇਡਾ ਵਲੋਂ ਵਿਸ਼ੇਸ਼ ਸਨਮਾਨ ਅਤੇ ਪੰਜਾਬੀ ਅਲੁਮਣੀ ਐਸੋਸੀਏਸ਼ਨ ਮਿੱਸੀਸਾਗੁਆ ਵਲੋਂ ਵਿਸ਼ੇਸ਼ ਸਨਮਾਨ, 2014 ਵਿਚ ਪੁਰਾਤਨ ਕਲਾ ਪੰਜਾਬ ਘਰਾਨਾ ਤਬਲਾ ਵਾਦਨ ਸਿਖਿਆ ਕੇਂਦਰ ਸੁਸਾਇਟੀ ਹੋਸ਼ਿਆਰਪੁਰ ਵਲੋਂ ਸੰਗੀਤ ਅਕੈਡਮੀ ਦਿੱਲੀ ਦੇ ਸਹਿਯੋਗ ਨਾਲ ਪੰਜਾਬ ਘਰਾਨਾ ਸੰਗੀਤ ਐਵਾਰਡ, 2016 ਵਿਚ ਫੈਕਲਟੀ ਆਫ ਆਰਟਸ ਐਂਡ ਕਲਚਰ ਵਲੋਂ ਕਲਾ ਪ੍ਰਵਰਤਕ ਐਵਾਰਡ ਅਤੇ ਪੀਟੀਸੀ ਚੈਨਲ ਵਲੋਂ 'ਮਾਗਨਾ ਮਾਗਨੁ ਨੀਕਾ' ਵੀਡੀਓ ਐਲਬਮ ਲਈ ਬੈਸਟ ਵੀਡੀਓ ਐਵਾਰਡ, 2017 ਵਿਚ ਬਿਹਾਰ ਸਰਕਾਰ ਵਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਉਤਸਵ ਸਬੰਧੀ ਸਮਾਗਮਾਂ ਵਿਚ ਐਵਾਰਡ ਆਫ ਆਨਰ ਵਿਸ਼ੇਸ਼ ਵਰਨਣਯੋਗ ਹਨ।

ਫਰਵਰੀ 2019 ਵਿਚ ਸੰਗੀਤ ਨਾਟਕ ਅਕੈਡਮੀ ਦਿੱਲੀ ਵਲੋਂ ਸੰਗੀਤ ਜਗਤ ਦੇ ਸਭ ਤੋਂ ਜ਼ਿਆਦਾ ਮਹੱਤਵਪੂਰਣ ਐਵਾਰਡ 'ਸੰਗੀਤ ਨਾਟਕ ਅਕੈਡਮੀ ਐਵਾਰਡ - 2018' ਨਾਲ ਡਾ. ਗੁਰਨਾਮ ਸਿੰਘ ਜੀ ਨੂੰ ਸਨਮਾਣਿਤ ਕੀਤਾ ਗਿਆ। ਇਹ ਐਵਾਰਡ ਭਾਰਤ ਦੇ ਰਾਸ਼ਟਰਪਤੀ ਮਹਾਮਹਿਮ ਰਾਮ ਨਾਥ ਕੋਵਿੰਦ ਜੀ ਵਲੋਂ ਰਾਸ਼ਟਰਪਤੀ ਭਵਨ ਵਿਖੇ ਇਕ ਵਿਸ਼ੇਸ਼ ਸਮਾਗਮ ਦੌਰਾਨ ਦਿਤਾ ਗਿਆ। ਡਾ. ਗੁਰਨਾਮ ਸਿੰਘ ਵਲੋਂ ਆਪੇ ਦਾ ਤਿਆਗ ਕਰਦੇ ਹੋਏ ਪੰਜਾਬ ਦੀ ਸ਼ਾਸਤਰੀ, ਲੋਕ ਅਤੇ ਗੁਰਮਤਿ ਸੰਗੀਤ ਪਰੰਪਰਾ ਲਈ ਕੀਤੇ ਗਏ ਕਾਰਜਾਂ ਦੀ ਵਿਸ਼ਾਲਤਾ ਦੇ ਸਾਹਮਣੇ ਉਨਾਂ ਨੂੰ ਮਿਲਣ ਵਾਲੇ ਓਹਦੇ, ਮਾਨ ਸਨਮਾਨ ਬਹੁਤ ਘੱਟ ਲਗਦੇ ਹਨ।ਡਾ. ਗੁਰਨਾਮ ਸਿੰਘ ਜੋ ਅਨੇਕਾਂ ਅੰਤਰਰਾਸ਼ਟਰੀ ਐਵਾਰਡਾਂ ਦੇ ਹੱਕਦਾਰ ਹਨ, ਨੂੰ ਰਾਜ ਅਤੇ ਕੇਂਦਰ ਸਰਕਾਰ ਵਲੋਂ, ਆਪ ਦੁਆਰਾ ਕੀਤੇ ਗਏ ਕਾਰਜਾਂ, ਸੇਵਾਵਾਂ ਤੇ ਤਿਆਗ ਨੂੰ ਧਿਆਨ ਵਿਚ ਰਖਦਿਆਂ ਪਦਮ ਐਵਾਰਡਾਂ ਨਾਲ ਸਨਮਾਣਿਤ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ। ਅਜਿਹੇ ਸੰਗੀਤਕਾਰ ਧਰਤੀ 'ਤੇ ਕਦੇ ਕਦੇ ਹੀ ਪੈਦਾ ਹੁੰਦੇ ਹਨ। ਪਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਆਪ ਨੂੰ ਸਿਹਤਯਾਬ ਰਖਦੇ ਹੋਏ ਪੰਜਾਬ ਦੀ ਸੰਗੀਤ ਪਰੰਪਰਾ ਦੀ ਸੇਵਾ ਲਈ ਅਗ੍ਰਸਰ ਰੱਖਣ।

ਭਲੋ ਭਲੋ ਰੇ ਕੀਰਤਨੀਆ।<br>
ਰਾਮ ਰਮਾ ਰਾਮਾ ਗੁਣ ਗਾਓ।<br>
ਛੋਡਿ ਮਾਇਆ ਕੇ ਧੰਧ ਸੁਆਓ।

# ਰਾਗ ਮੇਘ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਕਾਫ਼ੀ ਠਾਟ ਦਾ ਪੁਰਾਤਨ ਰਾਗ ਮੇਘ ਓਢਵ ਜਾਤੀ ਦਾ ਹੈ ਜਿਸ ਵਿੱਚ ਗੰਧਾਰ ਅਤੇ ਧੈਵਤ ਵਰਜਤ, ਨਿਖਾਦ ਕੋਮਲ ਪਰ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਦੁਪਹਿਰ ਜਾਂ ਬਰਖਾ ਰੁੱਤ ਵਿੱਚ ਕਿਸੇ ਵੀ ਵੇਲੇ ਗਾਏ ਜਾਣ ਵਾਲੇ ਰਾਗ ਦਾ ਵਾਦੀ-ਸੰਵਾਦੀ ਬਹੁਮੱਤ ਅਨੁਸਾਰ ਮ-ਸ ਹੈ ਪਰ ਸ੍ਰੀ ਪਟਵਰਧਨ ਰੇ-ਪ ਮੰਨਦੇ ਹਨ। ਇਨ੍ਹਾਂ ਹੀ ਸੁਰਾਂ ਦਾ ਮਧਮਾਦ ਸਾਰੰਗ ਰਾਗ ਹੈ ਪਰ ਮੇਘ ਮੀਂਡ ਪ੍ਰਧਾਨ ਅਤੇ ਮੱਧਯਮ ਸੁਰ ਪ੍ਰਧਾਨ ਹੋਣ ਸਦਕਾ ਮਧਮਾਦ ਸਾਰੰਗ ਨਾਲੋਂ ਵੱਖਰਾ ਕੀਤਾ ਜਾਂਦਾ ਹੈ। ਪੁਰਾਤਨ ਰਾਗ ਹੋਣ ਦੇ ਨਾਤੇ ਮਤਭੇਦ ਹੋਣੇ ਸੁਭਾਵਕ ਹੀ ਹਨ। ਸ੍ਰੀ ਭਾਤਖੰਡੇ ਮੇਘ ਅਤੇ ਮੇਘ ਮਲ੍ਹਾਰ ਨੂੰ ਵੱਖਰੇ ਰਾਗ ਮੰਨਦੇ ਹਨ। ਜਦੋਂ ਰਿਖਬ ਉਤੇ ਦੋ ਤਿੰਨ ਵਾਰੀ ਮੱਧਯਮ ਦਾ ਕਣ ਲਾ ਕੇ ਪੰਚਮ 'ਤੇ ਜਾਈਏ ਤਾਂ ਇਹ ਮਲ੍ਹਾਰ ਦਾ ਅੰਗ ਬਣ ਜਾਂਦਾ ਹੈ ਪਰ ਸ੍ਰੀ ਪਟਵਰਧਨ ਰਾਗ ਵਿਗਿਆਨ ਭਾਗ 7 ਵਿੱਚ ਰਿਖਬ ਅੰਦੋਲਿਤ ਕਰਕੇ ਪੰਚਮ 'ਤੇ ਜਾਂਦੇ ਹੋਏ ਵੀ ਮੇਘ ਮੰਨਦੇ ਹਨ। ਇਹ ਠੀਕ ਹੈ ਕਿ ਮੇਘ ਮੀਂਡ ਪ੍ਰਧਾਨ ਹੋਣ ਦੇ ਨਾਤੇ ਇਸ ਵਿੱਚ ਰਿਖਬ ਤੇ ਮੱਧਯਮ ਦਾ ਕਣ ਲੱਗਦਾ ਹੀ ਹੈ ਪਰ ਰਿਖਬ ਅੰਦੋਲਿਤ ਕਰਕੇ ਪੰਚਮ 'ਤੇ ਜਾਣ ਨਾਲ ਮਲ੍ਹਾਰ ਜ਼ਰੂਰ ਸਾਹਮਣੇ ਆਏਗਾ। ਦਰੁੱਤ ਲੈਅ ਵਿੱਚ ਮੀਂਡ ਦੀ ਅਣਹੋਂਦ ਸਦਕਾ ਮੇਘ ਅਤੇ ਮਧਮਾਦ ਸਾਰੰਗ ਵਿੱਚ ਕੋਈ ਫਰਕ ਰੱਖਣਾ ਕਠਿਨ ਹੈ ਸ਼ਾਇਦ ਇਸੇ ਲਈ ਆਗਰਾ ਘਰਾਣੇ ਦੇ ਗਾਇਕ ਮੇਘ ਦੇ ਅਵਰੋਹ ਵਿੱਚ ਕੋਮਲ ਗੰਧਾਰ ਦਾ ਅਲਪ ਪ੍ਰਯੋਗ ਕਰਦੇ ਹਨ।

ਚਾਲ: ਸ, ਸਨੁ – ਸ, ਸ ਨੁ – ਨਪ਼ – ਮ਼ ਪ਼ ਪਨੁ – ਪ਼ – ਨੁ – ਸ, ਸ ਮਰ – ਮ ਮਰ – ਸਨੁ – ਸ, ਸ – ਨੁ ਸ ਮਰ ਮ ਮਰ – ਮ, ਸਰ – ਨੁ – ਰਸ, ਮਰ ਮ – ਰ ਮ ਪ – ਮ ਪ ਪਨੁ – ਪ, ਨੁ ਪ ਮ ਪ ਮ – ਮ ਮਰ – ਸਨੁ – ਸ, ਸ ਮਰ – ਮ ਪ ਪਨੁ ਪ – ਮ ਪ ਸਨੁ - ਸ, ਨੁ ਪ ਮ ਪ ਸਨੁ - ਸਨੁ ਸ - , ਨੁ ਸਂ ਮਰਂ ਮਰਂ - ਨੁ - ਸਂ, ਸਂ ਨੁ ਪ – ਮ ਪ ਮ – ਨੁ ਪ ਮ ਪ ਮ ਰ ਮ – ਮ ਮਰ – ਨੁ ਸ, ਪ਼ ਨੁ ਪ਼ ਪਸ,

## ਮੇਘ – ਕੋਮਲ ਗੰਧਾਰ ਸਹਿਤ (ਇੱਕਤਾਲ)

| ਅਸਥਾਈ | | | | | | | | | | | |
|---|---|---|---|---|---|---|---|---|---|---|---|
| ਮਰ | ਮਰ | ਰ | ਰ | ਰਸ | ਸ | ਨ਼ਸ | - | ਸ | ਨੁ | ਨਪ਼ | ਨੁਸ |
| ਬ | ਰ | ਸ | ਸ | ਰ | ਸ | ਆ | ऽ | ਗਿ | ਆ | ऽ | ऽऽ |
| ਮਰ | ਮਰ | ਰ | ਮਗੁ | - | ਮ | ਮਰ | ਮਰ | ਰਮ | ਰ | ਸਨੁ | ਸ |
| ਹੋ | ਹਿ | ਆ | ਨੰ | ऽ | ਦ | ਸ | ਗ | ਲ ऽ | ਭਾ | ऽऽ | ਗ |
| X | | 0 | | 2 | | 0 | | 3 | | 4 | |
| ਅੰਤਰਾ | | | | | | | | | | | |
| ਮ | - | ਪ | ਪਨੁ | ਪ | - | ਸਨੁ | ਸਨੁ | ਰਸਂ | ਸਂ | ਸਂ | ਸਂ |
| ਸੰ | ऽ | ਤ | ਸੰ | ਗੇ | ऽ | ਮ | ਨ | ਪ | ਰ | ਫ | ੜੇ |
| ਨੁ | ਨੁ | ਸਂ | ਨੁਸਂ | ਰਂ | ਸਂ | ਨੁ | ਪ | ਮ | ਗੁਮ | ਰਸ | ਨੁਸ |
| ਮਿ | ਲ | ऽ | ਮੇऽ | ऽ | ਘ | ਧ | ਰ | ਸੁ | ਹਾऽ | ऽऽ | ਗऽ |
| X | | 0 | | 2 | | 0 | | 3 | | 4 | |

*(ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥਾਂ ਲਈ ਵੇਖੋ ਟਾਈਟਲ ਪੰਨਾ 4)*

RNI Regd. No.46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਮਲਾਰ ਮਹਲਾ ੫ ॥

ਬਰਸੁ ਸਰਸੁ ਆਗਿਆ ॥
ਹੋਹਿ ਆਨੰਦ ਸਗਲ ਭਾਗ ॥੧॥ ਰਹਾਉ ॥
ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥੧॥
ਘਨਘੋਰ ਪ੍ਰੀਤਿ ਮੋਰ ॥
ਚਿਤੁ ਚਾਤ੍ਰਿਕ ਬੂੰਦ ਓਰ ॥
ਐਸੋ ਹਰਿ ਸੰਗੇ ਮਨ ਮੋਹ ॥
ਤਿਆਗਿ ਮਾਇਆ ਧੋਹ ॥
ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥

### ENGLISH TRANSLATION

Malaar, Fifth Mehl:

Rain down with happiness in God's Will. Bless me with total bliss and good fortune. ||1||Pause|| My mind blossoms forth in the Society of the Saints; soaking up the rain, the earth is blessed and beautified. ||1|| The peacock loves the thunder of the rain clouds. The rainbird's mind is drawn to the rain-drop - so is my mind enticed by the Lord. I have renounced Maya, the deceiver.

(SGGS: 1272)